# PUNJAB VIDHAN SABHA

*Monday, the 2nd September, 2024*

*The Vidhan Sabha met in the Punjab Vidhan Sabha Hall, Vidhan Bhawan, Sector-1, Chandigarh at 2.00 P.M. Mr. Speaker (Sardar Kultar Singh Sandhwan) in the Chair.*

-----

## *OBITUARY REFERENCES*

**ਮਾਣਯੋਗ ਸਪੀਕਰ:** ਵਾਹਿਗੁਰੂ। ਅਕਾਲ ਚਲਾਣਿਆਂ ਦਾ ਵਰਣਨ। ਪੰਜਾਬ ਵਿਧਾਨ ਸਭਾ ਦੇ ਪਿਛਲੇ ਸਮਾਗਮ ਤੋਂ ਹੁਣ ਤੱਕ ਦੇ ਸਮੇਂ ਦੌਰਾਨ ਕਈ ਸਤਿਕਾਰਯੋਗ ਸ਼ਖਸੀਅਤਾਂ ਸਾਡੇ ਤੋਂ ਵਿੱਛੜ ਗਈਆਂ ਹਨ। ਅਸੀਂ ਉਨ੍ਹਾਂ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਨ ਲਈ ਇਕੱਤਰ ਹੋਏ ਹਾਂ। ਕੁਝ ਅਜਿਹੀਆਂ ਸ਼ਖਸੀਅਤਾਂ ਜੋ ਆਪਣੇ ਜੀਵਨ ਨੂੰ ਕੌਮ ਦੇ ਲੇਖੇ ਲਗਾ ਕੇ ਸਮਾਜ ਅਤੇ ਦੇਸ਼ ਦੀ ਸੇਵਾ ਵਿੱਚ ਵੱਡਮੁੱਲਾ ਯੋਗਦਾਨ ਪਾਉਂਦੇ ਹੋਏ ਸਾਨੂੰ ਹਮੇਸ਼ਾ ਲਈ ਸਦੀਵੀ ਵਿਛੋੜਾ ਦੇ ਗਈਆਂ ਹਨ। ਆਉ, ਉਨ੍ਹਾਂ ਨੂੰ ਦਿਲ ਦੀਆਂ ਗਹਿਰਾਈਆਂ ਤੋਂ ਸ਼ਰਧਾਂਜਲੀ ਭੇਂਟ ਕਰੀਏ।

ਸਰਦਾਰ ਸੁਰਜੀਤ ਸਿੰਘ ਮਿਨਹਾਸ, ਸਾਬਕਾ ਸਪੀਕਰ, ਪੰਜਾਬ ਵਿਧਾਨ ਸਭਾ ਸਾਨੂੰ ਮਿਤੀ 25 ਅਪ੍ਰੈਲ, 2024 ਨੂੰ ਸਦੀਵੀ ਵਿਛੋੜਾ ਦੇ ਗਏ ਹਨ। ਉਨ੍ਹਾਂ ਦਾ ਜਨਮ ਮਿਤੀ 14 ਦਸੰਬਰ, 1935 ਨੂੰ ਕਲਕੱਤਾ ਵਿਖੇ ਹੋਇਆ। ਉਹ ਸਾਲ 1986 ਵਿੱਚ ਸੰਸਦੀ ਮਾਮਲਿਆਂ, ਸਿੰਚਾਈ ਅਤੇ ਬਿਜਲੀ ਵਿਭਾਗ ਦੇ ਰਾਜ ਮੰਤਰੀ ਵੀ ਰਹੇ। ਉਹ ਸਾਲ 1986 ਵਿੱਚ ਪੰਜਾਬ ਵਿਧਾਨ ਸਭਾ ਸਪੀਕਰ ਚੁਣੇ ਗਏ ਸਨ ਅਤੇ 1992 ਤੱਕ ਉਨ੍ਹਾਂ ਨੇ ਇਸ ਸਦਨ ਦੇ ਸਪੀਕਰ ਵਜੋਂ ਸੇਵਾ ਨਿਭਾਈ।

ਸਰਦਾਰ ਸੁਖਦੇਵ ਸਿੰਘ ਢਿੱਲੋਂ, ਸਾਬਕਾ ਮੰਤਰੀ, ਪੰਜਾਬ ਉਹ ਵੀ ਸਾਨੂੰ ਮਿਤੀ 12 ਅਗਸਤ, 2024 ਨੂੰ ਸਦੀਵੀ ਵਿਛੋੜਾ ਦੇ ਗਏ ਹਨ, ਉਨ੍ਹਾਂ ਦਾ ਜਨਮ ਮਿਤੀ 1 ਜੁਲਾਈ, 1932 ਨੂੰ ਪਿੰਡ ਪਿੱਥੋ, ਜ਼ਿਲ੍ਹਾ ਬਠਿੰਡਾ ਵਿਖੇ ਹੋਇਆ । ਉਹ ਸਾਲ 1985 ਤੋਂ 1990 ਦੇ ਸਮੇਂ ਦੌਰਾਨ ਪੰਜਾਬ ਦੇ ਸਿਹਤ ਮੰਤਰੀ ਰਹੇ। ਉਹ ਸਾਲ 1972, 1977 ਅਤੇ 1985 ਵਿੱਚ ਪੰਜਾਬ ਵਿਧਾਨ ਸਭਾ ਦੇ ਮੈਂਬਰ ਚੁਣੇ ਗਏ ਸਨ। ਇਸ ਤੋਂ ਇਲਾਵਾ ਉਨ੍ਹਾਂ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਵਜੋਂ ਵੀ ਸੇਵਾ ਨਿਭਾਈ।

ਸਰਦਾਰ ਸੁਰਜੀਤ ਸਿੰਘ ਕੋਹਲੀ, ਸਾਬਕਾ ਰਾਜ ਮੰਤਰੀ, ਪੰਜਾਬ ਵੀ ਸਾਨੂੰ ਮਿਤੀ 29 ਅਗਸਤ, 2024 ਨੂੰ ਸਦੀਵੀ ਵਿਛੋੜਾ ਦੇ ਗਏ ਹਨ। ਉਨ੍ਹਾਂ ਦਾ ਜਨਮ ਮਿਤੀ 9 ਜੂਨ, 1951 ਨੂੰ ਪਟਿਆਲਾ ਵਿਖੇ ਹੋਇਆ। ਉਹ ਸਾਲ 1997 ਵਿੱਚ ਪੰਜਾਬ ਵਿਧਾਨ ਸਭਾ ਦੇ ਮੈਂਬਰ ਚੁਣੇ ਗਏ ਸਨ। ਉਹ ਛਪਾਈ ਅਤੇ ਲਿਖਣ ਸਮੱਗਰੀ, ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ ਵਿਭਾਗ, ਪੰਜਾਬ ਦੇ ਰਾਜ ਮੰਤਰੀ ਵੀ ਰਹੇ। ਉਹ ਇਸ ਅਜ਼ੀਮ ਸਦਨ ਦੇ ਇੱਕ ਮਾਣਯੋਗ ਮੈਂਬਰ, ਸ਼੍ਰੀ ਅਜੀਤਪਾਲ ਸਿੰਘ ਕੋਹਲੀ ਜੀ ਦੇ ਸਤਿਕਾਰਯੋਗ ਪਿਤਾ ਜੀ ਹਨ।

ਸ਼੍ਰੀ ਕਮਲ ਚੌਧਰੀ, ਸਾਬਕਾ ਲੋਕ ਸਭਾ ਮੈਂਬਰ ਵੀ ਸਾਨੂੰ ਮਿਤੀ 25 ਜੂਨ, 2024 ਨੂੰ ਸਦੀਵੀ ਵਿਛੋੜਾ ਦੇ ਗਏ ਹਨ। ਉਨ੍ਹਾਂ ਦਾ ਜਨਮ ਮਿਤੀ 3 ਜੁਲਾਈ 1947 ਨੂੰ ਹੁਸ਼ਿਆਰਪੁਰ ਵਿਖੇ ਹੋਇਆ। ਉਹ ਸਾਲ 1985, 1989, 1992 ਅਤੇ 1998 ਵਿੱਚ ਹੁਸ਼ਿਆਰਪੁਰ ਤੋਂ ਲੋਕ ਸਭਾ ਦੇ ਮੈਂਬਰ ਚੁਣੇ ਗਏ। ਉਹ ਸੰਸਦ ਦੀਆਂ ਵੱਖ ਵੱਖ ਕਮੇਟੀਆਂ ਦੇ ਚੇਅਰਮੈਨ ਅਤੇ ਮੈਂਬਰ ਵੀ ਰਹੇ। ਉਨ੍ਹਾਂ ਵੱਲੋਂ ਭਾਰਤੀ ਹਵਾਈ ਸੈਨਾ ਵਿੱਚ ਵੀ ਸੇਵਾ ਨਿਭਾਈ ਗਈ।

ਸ਼੍ਰੀਮਤੀ ਗੁਰਚਰਨ ਕੌਰ, ਭਾਰਤੀ ਸੰਸਦ ਦੇ ਉਪਰਲੇ ਸਦਨ ਰਾਜ ਸਭਾ ਦੇ ਸਾਬਕਾ ਮੈਂਬਰ ਵੀ ਸਾਨੂੰ ਮਿਤੀ 4 ਜੁਲਾਈ, 2024 ਨੂੰ ਸਦੀਵੀ ਵਿਛੋੜਾ ਦੇ ਗਏ ਹਨ। ਉਨ੍ਹਾਂ ਦਾ ਜਨਮ ਮਿਤੀ 4 ਫਰਵਰੀ, 1936 ਨੂੰ ਜੈਤੋ, ਜ਼ਿਲ੍ਹਾ ਫਰੀਦਕੋਟ ਵਿਖੇ ਹੋਇਆ। ਉਹ ਸਾਲ 2001 ਵਿੱਚ ਰਾਜ ਸਭਾ ਦੇ ਮੈਂਬਰ ਚੁਣੇ ਗਏ ਸਨ।

ਸਰਦਾਰ ਧਨਵੰਤ ਸਿੰਘ, ਸਾਬਕਾ ਵਿਧਾਇਕ, ਪੰਜਾਬ ਵੀ ਸਾਨੂੰ ਮਿਤੀ 11 ਜੂਨ, 2024 ਨੂੰ ਸਦੀਵੀ ਵਿਛੋੜਾ ਦੇ ਗਏ ਹਨ। ਉਨ੍ਹਾਂ ਦਾ ਜਨਮ ਮਿਤੀ 3 ਜੂਨ, 1952 ਨੂੰ ਪਿੰਡ ਮਾਨਵਾਲਾ, ਜ਼ਿਲ੍ਹਾ ਸੰਗਰੂਰ ਵਿਖੇ ਹੋਇਆ। ਉਹ ਸਾਲ 1992 ਅਤੇ 1997 ਵਿੱਚ ਹਲਕਾ ਧੂਰੀ ਤੋਂ ਪੰਜਾਬ ਵਿਧਾਨ ਸਭਾ ਦੇ ਮੈਂਬਰ ਚੁਣੇ ਗਏ।

ਸਰਦਾਰ ਸਰਦੂਲ ਸਿੰਘ, ਸੁਤੰਤਰਤਾ ਸੰਗਰਾਮੀ ਵੀ ਸਾਨੂੰ ਮਿਤੀ 26 ਮਈ, 2024 ਨੂੰ ਸਦੀਵੀ ਵਿਛੋੜਾ ਦੇ ਗਏ ਹਨ। ਉਨ੍ਹਾਂ ਦਾ ਜਨਮ ਸਾਲ 1910 ਵਿੱਚ ਪਿੰਡ ਸੰਦੌੜ, ਜ਼ਿਲ੍ਹਾ ਮਲੇਰਕੋਟਲਾ ਵਿਖੇ ਹੋਇਆ। ਉਨ੍ਹਾਂ ਨੇ ਸਾਲ 1939 ਵਿੱਚ ਭਾਰਤ ਬੰਦੋਬਸਤੀ ਮੋਰਚੇ ਵਿੱਚ ਭਾਗ ਲਿਆ।

**1400/Jaspal Singh/BS khokhar**

**1405/Beant kaur**

ਸਰਦਾਰ ਕਸ਼ਮੀਰ ਸਿੰਘ, ਸੁਤੰਤਰਤਾ ਸੰਗਰਾਮੀ ਵੀ ਸਾਨੂੰ 12 ਅਗਸਤ, 2024 ਨੂੰ ਸਦੀਵੀ ਵਿਛੋੜਾ ਦੇ ਗਏ ਹਨ। ਉਨ੍ਹਾਂ ਦਾ ਜਨਮ ਸਾਲ 1917 ਨੂੰ ਉਸ ਸਮੇਂ ਦੇ ਹਿੰਦੁਸਤਾਨ ਅਤੇ ਹੁਣ ਦੇ ਪਾਕਿਸਤਾਨ ਵਿੱਚ ਹੋਇਆ। ਉਨ੍ਹਾਂ ਨੂੰ ਭਾਰਤ ਸਰਕਾਰ ਵਲੋਂ ਤਾਮਰ ਪੱਤਰ ਵੀ ਭੇਂਟ ਕੀਤਾ ਗਿਆ।

ਸਰਦਾਰ ਗੁਰਦੇਵ ਸਿੰਘ, ਸੁਤੰਤਰਤਾ ਸੰਗਰਾਮੀ ਵੀ ਸਾਨੂੰ 17 ਮਾਰਚ, 2024 ਨੂੰ ਸਦੀਵੀ ਵਿਛੋੜਾ ਦੇ ਗਏ ਹਨ। ਉਨ੍ਹਾਂ ਦਾ ਜਨਮ ਮਿਤੀ 1 ਜਨਵਰੀ, 1922 ਨੂੰ ਪਿੰਡ ਧਰੇੜੀ ਜੱਟਾਂ, ਜ਼ਿਲ੍ਹਾ ਪਟਿਆਲਾ ਵਿਖੇ ਹੋਇਆ।

ਸ਼੍ਰੀ ਜਗਦੀਸ਼ ਪ੍ਰਸਾਦ ਜੀ, ਸੁਤੰਤਰਤਾ ਸੰਗਰਾਮੀ ਵੀ ਸਾਨੂੰ ਮਿਤੀ 12 ਜੂਨ, 2024 ਨੂੰ ਸਦੀਵੀ ਵਿਛੋੜਾ ਦੇ ਗਏ ਹਨ। ਉਨ੍ਹਾਂ ਦਾ ਜਨਮ ਮਿਤੀ 14 ਮਈ, 1921 ਨੂੰ ਕੋਟਕਪੂਰਾ, ਜ਼ਿਲ੍ਹਾ ਫਰੀਦਕੋਟ ਵਿਖੇ ਹੋਇਆ। ਉਨ੍ਹਾਂ ਨੂੰ ਭਾਰਤ ਸਰਕਾਰ ਵਲੋਂ ਤਾਮਰ ਪੱਤਰ ਵੀ ਭੇਂਟ ਕੀਤਾ ਗਿਆ।

ਇਨ੍ਹਾਂ ਸਾਰਿਆਂ ਨੇ ਆਪਣੀ ਲਗਨ, ਮਿਹਨਤ ਅਤੇ ਕੁਰਬਾਨੀ ਸਦਕਾ ਭਾਰਤ ਨੂੰ ਆਜ਼ਾਦ ਕਰਾਉਣ ਵਿੱਚ ਆਪਣਾ ਵਡਮੁੱਲਾ ਯੋਗਦਾਨ ਪਾਇਆ। ਜਿਸ ਦੇ ਨਤੀਜੇ ਵਜੋਂ ਅੱਜ ਅਸੀਂ ਉਨ੍ਹਾਂ ਦੀਆਂ ਅਤੇ ਉਨ੍ਹਾਂ ਵਰਗੇ ਹੋਰ ਸੁਤੰਤਰਤਾ

ਸੰਗਰਾਮੀਆਂ ਦੀਆਂ ਕੁਰਬਾਨੀਆਂ ਸਦਕਾ ਮਿਲੀ ਅਜਾਦੀ ਦਾ ਨਿੱਘ ਮਾਣ ਰਹੇ ਹਾਂ। ਅਸੀਂ ਉਨ੍ਹਾਂ ਨੂੰ ਕਦੇ ਭੁਲਾ ਨਹੀਂ ਸਕਦੇ।

ਡਾਕਟਰ ਸੁਰਜੀਤ ਪਾਤਰ, ਉੱਘੇ ਲੇਖਕ ਅਤੇ ਕਵੀ, ਉਹ ਵੀ ਸਾਨੂੰ 11 ਮਈ, 2024 ਨੂੰ ਸਦੀਵੀ ਵਿਛੋੜਾ ਦੇ ਗਏ ਹਨ। ਉਨ੍ਹਾਂ ਦਾ ਜਨਮ ਮਿਤੀ 14 ਜਨਵਰੀ, 1945 ਨੂੰ ਪਿੰਡ ਪੱਤੜ ਕਲਾਂ, ਜ਼ਿਲ੍ਹਾ ਜਲੰਧਰ ਵਿਖੇ ਹੋਇਆ। ਉਨ੍ਹਾਂ ਦੀਆਂ ਵਡਮੁੱਲੀਆਂ ਸੇਵਾਵਾਂ ਕਾਰਨ ਉਨ੍ਹਾਂ ਨੂੰ ਭਾਰਤ ਸਰਕਾਰ ਵਲੋਂ ਪਦਮ ਸ੍ਰੀ ਅਵਾਰਡ ਨਾਲ ਸਨਮਾਨਿਤ ਕੀਤਾ ਗਿਆ। ਉਨ੍ਹਾਂ ਨੂੰ ਭਾਰਤੀ ਸਾਹਿਤ ਅਕਾਦਮੀ ਅਵਾਰਡ, ਸਰਸਵਤੀ ਪੁਰਸਕਾਰ ਅਤੇ ਸ਼੍ਰੋਮਣੀ ਪੰਜਾਬੀ ਕਵੀ ਪੁਰਸਕਾਰ ਨਾਲ ਵੀ ਸਨਮਾਨਿਤ ਕੀਤਾ ਗਿਆ। ਉਹ ਕੇਵਲ ਸ਼ਾਇਰ ਹੀ ਨਹੀਂ ਸਨ, ਸਗੋਂ ਬਹੁਤ ਵੱਡੇ ਚਿੰਤਕ ਵੀ ਸਨ। ਉਨ੍ਹਾਂ ਵਲੋਂ ਸਾਰੀ ਫਿਲਾਸਫੀ ਕਾਵਿ ਸ਼ੈਲੀ ਦੇ ਰੂਪ ਵਿੱਚ ਪ੍ਰਕਾਸ਼ਿਤ ਕੀਤੀ ਗਈ, ਜਿਸ ਕਰਕੇ ਉਹ 21ਵੀਂ ਸਦੀ ਦੇ ਮਹਾਨ ਕਵੀ ਵਜੋਂ ਜਾਣੇ ਜਾਂਦੇ ਸਨ।

ਇਨ੍ਹਾਂ ਸਭਨਾਂ ਦੇ ਚਲੇ ਜਾਣ ਨਾਲ ਦੇਸ਼, ਰਾਜ ਅਤੇ ਸਾਨੂੰ ਨਾ ਪੂਰਿਆ ਜਾਣ ਵਾਲਾ ਘਾਟਾ ਪਿਆ ਹੈ ਅਤੇ ਅਸੀਂ ਉਨ੍ਹਾਂ ਦੀਆਂ ਵਡਮੁੱਲੀਆਂ ਸੇਵਾਵਾਂ ਤੋਂ ਵਾਂਝੇ ਹੋ ਗਏ ਹਾਂ। ਸਾਨੂੰ ਯਤਨ ਕਰਨਾ ਚਾਹੀਦਾ ਹੈ ਕਿ ਅਸੀਂ ਇਨ੍ਹਾਂ ਵਿਛੜੀਆਂ ਸ਼ਖਸੀਅਤਾਂ ਦੇ ਪਦ ਚਿੰਨ੍ਹਾਂ ਤੇ ਚਲਦੇ ਹੋਏ ਲੋਕਾਂ ਦੀ ਸੇਵਾ ਵਿੱਚ ਹਾਜ਼ਰ ਰਹੀਏ। ਇਹੀ ਉਨ੍ਹਾਂ ਪ੍ਰਤੀ ਸੱਚੀ ਸ਼ਰਧਾਂਜ਼ਲੀ ਹੋਵੇਗੀ।

ਇਸ ਤੋਂ ਇਲਾਵਾ ਸ੍ਰੀ ਜੋਗਿੰਦਰ ਸਿੰਘ, ਸੰਸਥਾਪਕ ਰੋਜ਼ਾਨਾ ਸਪੋਕਸਮੈਨ ਅਤੇ ਸਰਦਾਰ ਜਸਪਾਲ ਸਿੰਘ ਹੇਰਾਂ, ਪਹਿਰੇਦਾਰ ਅਦਾਰੇ ਦੇ ਸੰਪਾਦਕ ਵੀ ਸਾਨੂੰ ਪਿਛਲੇ ਦਿਨੀਂ ਸਦੀਵੀ ਵਿਛੋੜਾ ਦੇ ਗਏ ਹਨ। ਉਹ ਮਹਾਨ ਲੇਖਕ ਅਤੇ ਵਿਦਵਾਨ ਸਨ। ਉਹ ਹਮੇਸ਼ਾ ਪੰਜਾਬ ਦੇ ਮਸਲਿਆਂ ਨੂੰ ਆਪਣੀ ਕਲਮ ਰਾਹੀਂ ਰਾਜ ਅਤੇ ਕੇਂਦਰ ਸਰਕਾਰ ਦੇ ਧਿਆਨ ਵਿੱਚ ਲਿਆ ਕੇ ਪੰਜਾਬ ਦੀ ਚੜ੍ਹਦੀ ਕਲਾ ਵਾਸਤੇ ਹਮੇਸ਼ਾ ਯਤਨ ਕਰਦੇ ਰਹੇ। ਉਨ੍ਹਾਂ ਦੀ ਲੇਖਣੀ ਬਹੁਤ ਹੀ ਸਾਫ ਸੁਥਰੀ ਅਤੇ ਵਿਸ਼ੇਸ਼ ਕਰਕੇ ਪੰਥਕ ਮਸਲਿਆਂ ਦੇ ਉਭਾਰ ਲਈ ਹਮੇਸ਼ਾ ਜਾਣੀ ਜਾਂਦੀ ਰਹੇਗੀ। ਉਨ੍ਹਾਂ ਨੇ ਆਪਣੀ ਲਿਖਤ ਰਾਹੀਂ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਨੂੰ ਕੌਮਾਂਤਰੀ ਪੱਧਰ ਤੇ ਉਜਾਗਰ ਕੀਤਾ।

ਇਸ ਤੋਂ ਇਲਾਵਾ ਇਸ ਅਜ਼ੀਮ ਸਦਨ ਦੇ ਇਕ ਹੋਰ ਮਾਣਯੋਗ ਮੈਂਬਰ ਸ਼੍ਰੀਮਤੀ ਇੰਦਰਜੀਤ ਕੌਰ ਮਾਨ ਦੇ ਸਤਿਕਾਰਯੋਗ ਪਤੀ ਸ੍ਰੀ ਸ਼ਰਨਜੀਤ ਸਿੰਘ ਮਾਨ ਅਤੇ ਬਹੁਤ ਹੀ ਸਤਿਕਾਰਯੋਗ ਮਾਤਾ ਸਰਦਾਰਨੀ ਜਸਬੀਰ ਕੌਰ ਲਾਲੀ ਵੀ ਸਾਨੂੰ ਸਦੀਵੀ ਵਿਛੋੜਾ ਦੇ ਗਏ ਹਨ। ਅਸੀਂ ਪਰਮਾਤਮਾ ਅੱਗੇ ਅਰਦਾਸ ਕਰਦੇ ਹਾਂ ਕਿ ਉਹ ਇਨ੍ਹਾਂ ਵਿਛੜੀਆਂ ਸ਼ਖਸੀਅਤਾਂ ਦੀਆਂ ਰੂਹਾਂ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖਸ਼ਣ। ਉਨ੍ਹਾਂ ਦੇ ਪਰਿਵਾਰਾਂ ਨੂੰ ਚੜ੍ਹਦੀ ਕਲਾਂ ਵਿੱਚ ਰੱਖਣ ਅਤੇ ਭਾਣਾ ਮੰਨਣ ਦਾ ਬਲ ਬਖਸ਼ਣ।

ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਸ਼ੋਕ ਪ੍ਰਸਤਾਵ ਸਾਰੀਆਂ ਵਿਛੜੀਆਂ ਸ਼ਖਸੀਅਤਾਂ ਦੇ ਪਰਿਵਾਰਾਂ ਨੂੰ ਭੇਜ ਦਿੱਤੇ ਜਾਣ?

(ਅਵਾਜ਼ਾਂ: ਹਾਂ ਜੀ, ਹਾਂ ਜੀ)

ਹੁਣ ਮੈਂ ਸਮੂਹ ਮੈਂਬਰ ਸਾਹਿਬਾਨ ਨੂੰ ਬੇਨਤੀ ਕਰਦਾ ਹਾਂ ਕਿ ਇਨ੍ਹਾਂ ਵਿਛੜੀਆਂ ਰੂਹਾਂ ਦੀ ਯਾਦ ਵਿੱਚ ਦੋ ਮਿੰਟ ਮੋਨ ਧਾਰਨ ਕਰਨ ਲਈ ਖੜ੍ਹੇ ਹੋਈਏ।

(ਇਸ ਉਪਰੰਤ ਸਮੂਹ ਸਦਨ ਨੇ ਵਿਛੜੀਆਂ ਰੂਹਾਂ ਦੀ ਸ਼ਾਂਤੀ ਲਈ ਖੜ੍ਹੇ ਹੋ ਕੇ ਦੋ ਮਿੰਟ ਲਈ ਮੋਨ ਧਾਰਨ ਕੀਤਾ।)

----------------

**Short Adjournment of the House**

**ਮਾਣਯੋਗ ਸਪੀਕਰ** : ਸਦਨ ਅੱਜ 2.30 ਵਜੇ ਬਾਅਦ ਦੁਪਹਿਰ ਤੱਕ ਸਥਗਿਤ ਹੁੰਦਾ ਹੈ।

*2.10 ਵਜੇ (*ਇਸ ਸਮੇਂ ਸਦਨ 2.30 ਵਜੇ ਬਾਅਦ ਦੁਪਹਿਰ ਤੱਕ ਸਥਗਿਤ ਹੋ ਬਾਅਦ ਦੁਪਹਿਰ ਗਿਆ।)

*2.30 ਵਜੇ (*ਇਸ ਸਮੇਂ ਸਦਨ ਮੁੜ ਇਕੱਤਰ ਹੋਇਆ।)

----------------

**1405/Beant kaur/BS khokhar**

**Presentation of the First Report of the Business Advisory Committee**

**ਮਾਣਯੋਗ ਸਪੀਕਰ:** ਕਾਰਜ ਸਲਾਹਕਾਰ ਕਮੇਟੀ ਦੀ ਪਹਿਲੀ ਰਿਪੋਰਟ। ਮੈਂ ਕਾਰਜ ਸਲਾਹਕਾਰ ਕਮੇਟੀ ਦੀ ਪਹਿਲੀ ਰਿਪੋਰਟ ਪੇਸ਼ ਕਰਦਾ ਹਾਂ, ਜੋ ਇਸ ਤਰ੍ਹਾਂ ਹੈ:-

ਆਰਜ਼ੀ ਪ੍ਰੋਗਰਾਮ ਤੇ ਵਿਚਾਰ ਵਟਾਂਦਰਾ ਕਰਨ ਤੋਂ ਬਾਅਦ ਕਮੇਟੀ ਨੇ ਸਿਫਾਰਸ਼ ਕੀਤੀ ਕਿ ਮਿਤੀ 02 ਸਤੰਬਰ, 2024 ਤੋਂ ਮਿਤੀ 04 ਸਤੰਬਰ, 2024 ਤੱਕ ਪੰਜਾਬ ਵਿਧਾਨ ਸਭਾ ਦੀਆਂ ਬੈਠਕਾਂ ਦੌਰਾਨ ਨਿਮਨਲਿਖਤ ਕੰਮ-ਕਾਰ ਕੀਤਾ ਜਾਵੇਗਾ:

| | |
|---|---|
| ਸੋਮਵਾਰ, 02 ਸਤੰਬਰ, 2024<br>(02.00 ਵਜੇ ਬਾਅਦ ਦੁਪਹਿਰ)<br>(02.30 ਵਜੇ ਬਾਅਦ ਦੁਪਹਿਰ) | ਅਕਾਲ ਚਲਾਣਿਆਂ ਦਾ ਵਰਣਨ<br>(i) ਕਾਰਜ ਸਲਾਹਕਾਰ ਕਮੇਟੀ ਦੀ ਪਹਿਲੀ ਰਿਪੋਰਟ<br>(ii) ਮੇਜ਼ ਤੇ ਰੱਖੇ ਜਾਣ ਵਾਲੇ ਕਾਗਜ਼ ਪੱਤਰ<br>(iii) ਸਪੀਕਰ/ ਸਕੱਤਰ ਦੁਆਰਾ ਐਲਾਨ |

| | |
|---|---|
| ਮੰਗਲਵਾਰ, 03 ਸਤੰਬਰ, 2024<br><br>(10.00 ਵਜੇ ਸਵੇਰੇ) | ਵਿਧਾਨਕ ਕੰਮ-ਕਾਰ |
| ਬੁੱਧਵਾਰ, 04 ਸਤੰਬਰ, 2024<br><br>(10.00 ਵਜੇ ਸਵੇਰੇ) | (i) ਵਿਧਾਨਕ ਕੰਮ-ਕਾਰ<br><br>(ii) ਸਦਨ ਨੂੰ ਅਣਮਿੱਥੇ ਸਮੇਂ ਲਈ ਸਥਗਿੱਤ ਕਰਨ ਸਬੰਧੀ ਨਿਯਮ 16 ਅਧੀਨ ਪ੍ਰਸਤਾਵ। |

ਜੇਕਰ ਪੰਜਾਬ ਵਿਧਾਨ ਸਭਾ ਦੀ ਕਾਰਜਵਿਧੀ ਅਤੇ ਕਾਰਜ ਸੰਚਾਲਣ ਨਿਯਮਾਵਲੀ ਦਾ/ਦੇ ਕੋਈ ਨਿਯਮ ਉਕਤ ਸਿਫਾਰਸ਼ਾਂ ਦੇ ਨਾਲ ਅਸੰਗਤ ਹੋਵੇ/ ਹੋਣ, ਤਾਂ ਉਹ ਨਿਯਮ ਉਸ ਹੱਦ ਤੱਕ ਮੁਅੱਤਲ ਰਹੇਗਾ/ ਰਹਿਣਗੇ।

**ਮਾਣਯੋਗ ਸਪੀਕਰ:** ਸਰਦਾਰ ਬਲਕਾਰ ਸਿੰਘ, ਸੰਸਦੀ ਮਾਮਲਿਆਂ ਬਾਰੇ ਮੰਤਰੀ ਪ੍ਰਸਤਾਵ ਪੇਸ਼ ਕਰਨ।

**ਸੰਸਦੀ ਮਾਮਲੇ ਮੰਤਰੀ (ਸਰਦਾਰ ਬਲਕਾਰ ਸਿੰਘ):** ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ –

> ਕਿ ਇਹ ਸਦਨ ਕਾਰਜ ਸਲਾਹਕਾਰ ਕਮੇਟੀ ਦੀ ਪਹਿਲੀ ਰਿਪੋਰਟ ਵਿੱਚ ਦਰਜ ਸਿਫਾਰਸ਼ਾਂ ਨਾਲ ਸਹਿਮਤ ਹੈ।

**ਮਾਣਯੋਗ ਸਪੀਕਰ:** ਪ੍ਰਸਤਾਵ ਕੀਤਾ-

> ਕਿ ਇਹ ਸਦਨ ਕਾਰਜ ਸਲਾਹਕਾਰ ਕਮੇਟੀ ਦੀ ਪਹਿਲੀ ਰਿਪੋਰਟ ਵਿੱਚ ਦਰਜ ਸਿਫਾਰਸ਼ਾਂ ਨਾਲ ਸਹਿਮਤ ਹੈ।

ਬਹਿਸ, ਹਾਂ ਜੀ ਖਹਿਰਾ ਸਾਹਿਬ।

**ਸਰਦਾਰ ਸੁਖਪਾਲ ਸਿੰਘ ਖਹਿਰਾ (ਭੁਲੱਥ):** ਸਪੀਕਰ ਸਾਹਿਬ, ਮੈਂ ਬੀ.ਏ.ਸੀ. ਦੀ ਪਹਿਲੀ ਰਿਪੋਰਟ ਸਬੰਧੀ ਬੋਲਣਾ ਹੈ।

**ਮਾਣਯੋਗ ਸਪੀਕਰ:** ਹਾਂ ਜੀ, ਬੋਲੋ ਜੀ।

**ਸਰਦਾਰ ਸੁਖਪਾਲ ਸਿੰਘ ਖਹਿਰਾ:** ਸਪੀਕਰ ਸਾਹਿਬ, ਇਹ ਜਿਹੜਾ ਸਦਨ ਹੈ, ਆਪਾਂ ਨੂੰ ਕਹਿਣ ਦੀ ਲੋੜ ਨਹੀਂ ਹੈ, ਆਪਾਂ ਇਸਨੂੰ ਜਮਹੂਰੀਅਤ ਦਾ ਸਭ ਤੋਂ ਵੱਧ ਮਜ਼ਬੂਤ ਥੰਮ੍ਹ ਮੰਨਦੇ ਹਾਂ ਜੀ। ਅੱਜ ਛੇ ਮਹੀਨੇ ਬਾਅਦ ਸੈਸ਼ਨ ਹੋ ਰਿਹਾ

ਹੈ ਜੀ। ਇਸ ਦੀਆਂ ਸਿਰਫ ਢਾਈ-ਤਿੰਨ ਸੀਟਿੰਗਜ਼ ਹਨ। ਬਜਟ ਇਜਲਾਸ ਦੀਆਂ 7 ਸੀਟਿੰਗਜ਼ ਸਨ ਜੀ। ਤੁਹਾਡੇ ਮੈਂਬਰ ਸਾਹਿਬਾਨ, ਜਿਹੜੇ ਮੇਰੇ ਸਾਹਮਣੇ ਟਰੇਜ਼ਰੀ ਬੈਂਚਿਜ ਤੇ ਬੈਠੇ ਹਨ, ਸਪੀਕਰ ਸਾਹਿਬ, ਇਨਕਲੂਡਿੰਗ ਤੁਸੀਂ ਵੀ, ਜਦੋਂ ਤੁਸੀਂ ਆਪੋਜੀਸ਼ਨ ਵਿੱਚ ਸੀ, ਤੁਸੀਂ ਉਸ ਵਕਤ ਦੇ ਸਪੀਕਰ ਨੂੰ ਅਨੇਕਾਂ ਰੀਪ੍ਰੈਜੈਂਟੇਸ਼ਨਜ਼ ਦਿੱਤੀਆਂ। ਮੇਰੇ ਕੋਲ ਤੁਹਾਡੀ ਨਵੰਬਰ, 2021 ਦੀ ਇੰਡੀਅਨ ਐਕਸਪ੍ਰੈਸ ਅਖ਼ਬਾਰ ਦੀ ਸਟੇਟਮੈਂਟ ਹੈ, ਉਸ ਵਿੱਚ ਤੁਸੀਂ ਕਿਹਾ ਹੈ ਕਿ ਵਿੰਟਰ ਸੈਸ਼ਨ ਘੱਟੋ-ਘੱਟ 15 ਦਿਨ ਦਾ ਹੋਣਾ ਚਾਹੀਦਾ ਹੈ ਤਾਂ ਕਿ ਸਦਨ ਦੇ ਸਾਰੇ ਮੈਂਬਰ ਸਾਹਿਬਾਨ ਆਪਣੇ-ਆਪਣੇ ਹਲਕਿਆਂ ਦੀ ਗੱਲ ਚੰਗੇ ਤਰੀਕੇ ਨਾਲ ਕਰ ਸਕਣ। ਉਸ ਪ੍ਰੈਸ ਕਾਨਫਰੰਸ ਵਿੱਚ ਸ੍ਰੀ ਅਮਨ ਅਰੋੜਾ ਜੀ ਅਤੇ ਸਰਦਾਰ ਹਰਪਾਲ ਸਿੰਘ ਚੀਮਾ ਜੀ ਵੀ ਹਾਜ਼ਰ ਸੀ। ਸਪੀਕਰ ਸਾਹਿਬ, ਅੱਜ ਬੇਅਦਬੀਆਂ ਦਾ ਮਸਲਾ ਹੈ, ਪਿਛਲੇ ਢਾਈ ਸਾਲ ਤੋਂ ਇਹ ਮਸਲਾ ਜਿਉਂ ਦਾ ਤਿਉਂ ਲਟਕ ਰਿਹਾ ਹੈ ਜੀ। ਤੁਹਾਡੇ ਆਪਣੇ ਐਮ.ਐਲ.ਏ. ਸ੍ਰੀ ਗੁਰਪ੍ਰੀਤ ਸਿੰਘ ਗੋਗੀ ਜੀ ਨੇ ਬੁੱਢੇ ਨਾਲੇ ਦੇ ਬਾਰੇ ਰੱਖਿਆ ਗਿਆ ਨੀਂਹ ਪੱਥਰ ਢਾਹ ਕੇ ਪ੍ਰੋਟੈਸਟ ਕੀਤਾ ਹੈ ਕਿ ਉਥੇ ਕੋਈ ਕੰਮ ਨਹੀਂ ਹੋਇਆ, ਉਥੇ ਪਾਣੀ ਪਹਿਲਾਂ ਦੀ ਤਰ੍ਹਾਂ ਜ਼ਹਿਰੀਲੇ ਦਾ ਜ਼ਹਿਰੀਲਾ ਹੈ, ਜੋ ਕਿ ਕੈਂਸਰ ਪੈਦਾ ਕਰਦਾ ਹੋਇਆ ਮਾਲਵੇ ਵਿੱਚ ਜਾ ਰਿਹਾ ਹੈ। ਸਪੀਕਰ ਸਾਹਿਬ, ਇਸ ਤੋਂ ਇਲਾਵਾ ਡਰੱਗਜ਼ ਬੇਤਹਾਸ਼ਾ ਹਨ, ਪੰਜਾਬ ਵਿੱਚ ਹਾਹਾਕਾਰ ਮੱਚੀ ਹੋਈ ਹੈ ਜੀ। ਇੰਪਲਾਈਜ਼ ਦੇ ਇੰਨੇ ਮੁੱਦੇ ਹਨ, ਲੀਡਰ ਆਫ ਆਪੋਜੀਸ਼ਨ ਨੇ ਉਠਾਉਣੇ ਹਨ।

**ਮਾਣਯੋਗ ਸਪੀਕਰ:** ਠੀਕ ਹੈ ਜੀ। ਸਾਰੇ ਮੁੱਦੇ ਵਿਚਾਰੇ ਜਾਣਗੇ।

**ਸਰਦਾਰ ਸੁਖਪਾਲ ਸਿੰਘ ਖਹਿਰਾ:** ਮੇਰੀ ਬੇਨਤੀ ਇਹ ਹੈ ਕਿ ਜਿਹੜੀਆਂ ਤੁਸੀਂ ਢਾਈ-ਤਿੰਨ ਸੀਟਿੰਗਜ਼ ਕਰ ਰਹੇ ਹੋ, ਤੁਸੀਂ ਆਪਣੀਆਂ ਹੀ ਦਿੱਤੀਆਂ ਹੋਈਆਂ ਰੀਪ੍ਰੈਜੈਂਟੇਸ਼ਨਜ਼ ਨੂੰ ਦੇਖ ਲਵੋ....

**ਮਾਣਯੋਗ ਸਪੀਕਰ:** ਜੇ ਕੋਈ ਮੁੱਦਾ ਰਹਿ ਗਿਆ ਹੋਵੇ ਤਾਂ ਆਪਾਂ ਵਿਚਾਰ ਕਰ ਸਕਦੇ ਹਾਂ। ਸਾਰੇ ਮੁੱਦੇ ਵਿਚਾਰੇ ਜਾਣਗੇ ਜੀ।

**ਮਾਣਯੋਗ ਸਪੀਕਰ:** ਪ੍ਰਸ਼ਨ ਹੈ-

> ਕਿ ਇਹ ਸਦਨ ਕਾਰਜ ਸਲਾਹਕਾਰ ਕਮੇਟੀ ਦੀ ਪਹਿਲੀ ਰਿਪੋਰਟ ਵਿੱਚ ਦਰਜ ਸਿਫਾਰਸ਼ਾਂ ਨਾਲ ਸਹਿਮਤ ਹੈ।

***ਪ੍ਰਸਤਾਵ ਪ੍ਰਵਾਨ ਹੋਇਆ।***

------

**Announcement by the Speaker regarding Panel of Chairmen**

**ਮਾਣਯੋਗ ਸਪੀਕਰ:** ਐਲਾਨ। ਪੰਜਾਬ ਵਿਧਾਨ ਸਭਾ ਦੀ ਕਾਰਜਵਿਧੀ ਅਤੇ ਕਾਰਜ ਸੰਚਾਲਣ ਨਿਯਮਾਵਲੀ ਦੇ ਨਿਯਮ 13(1) ਅਧੀਨ ਮੈਂ ਹੇਠ ਲਿਖੇ ਮਾਣਯੋਗ ਮੈਂਬਰਾਂ ਨੂੰ ਸਭਾਪਤੀ ਨਾਮਾਵਲੀ ਲਈ ਨਾਮਜ਼ਦ ਕਰਦਾ ਹਾਂ:

1. ਸਰਦਾਰ ਮਨਜੀਤ ਸਿੰਘ ਬਿਲਾਸਪੁਰ;

2. ਰਾਣਾ ਗੁਰਜੀਤ ਸਿੰਘ;

3. ਡਾਕਟਰ ਜੀਵਨਜੋਤ ਕੌਰ;

4. ਸ੍ਰੀ ਜੰਗੀ ਲਾਲ ਮਹਾਜਨ ।

------

**Announcement by the Secretary**

**ਮਾਣਯੋਗ ਸਪੀਕਰ:** ਸਕੱਤਰ ਦੁਆਰਾ ਐਲਾਨ।

**ਸ੍ਰੀ ਸਕੱਤਰ:** ਸ੍ਰੀਮਾਨ ਜੀ, ਮੈਂ 15ਵੀਂ ਪੰਜਾਬ ਵਿਧਾਨ ਸਭਾ ਦੁਆਰਾ ਇਸਦੇ 7ਵੇਂ ਤੇ 13ਵੇਂ ਅਤੇ 16ਵੀਂ ਪੰਜਾਬ ਵਿਧਾਨ ਸਭਾ ਦੁਆਰਾ ਇਸਦੇ 5ਵੇਂ ਅਤੇ 6ਵੇਂ (ਬਜਟ) ਸਮਾਗਮਾਂ ਦੌਰਾਨ ਪਾਸ ਕੀਤੇ ਗਏ ਬਿਲਾਂ, ਜਿਨ੍ਹਾਂ ਤੇ ਰਾਸ਼ਟਰਪਤੀ/ਰਾਜਪਾਲ ਜੀ ਨੇ ਆਪਣੀ ਸਹਿਮਤੀ ਦੇ ਦਿੱਤੀ ਹੈ, ਦਾ ਵੇਰਵਾ ਸਦਨ ਦੀ ਮੇਜ਼ ਤੇ ਰੱਖਦਾ ਹਾਂ:

1. ਜਾਨਵਰਾਂ ਪ੍ਰਤੀ ਬੇਰਹਿਮਤੀ ਵਿਰੁੱਧ ਰੋਕਥਾਮ (ਪੰਜਾਬ ਸੋਧ) ਬਿਲ, 2019

2. ਪੰਜਾਬ ਭੋਂਦੇਦਾਰ, ਬੂਟੇਮਾਰ, ਦੋਹਲੀਦਾਰ, ਇੰਸਾਰ ਮਿਆਦੀ, ਮੁਕਰਰਾੜੀਦਾਰ, ਮੁੰਧੀਮਾਰ, ਪਨਾਹੀ ਕਾਦੀਮ, ਸੌਂਜੀਦਾਰ ਜਾਂ ਤਰੱੜਧਕਾਰ (ਮਾਲਕਾਨਾ ਹੱਕ) ਬਿਲ, 2020

3. ਰਜਿਸਟ੍ਰੇਸ਼ਨ (ਪੰਜਾਬ ਸੋਧ) ਬਿਲ, 2023

4. ਪੰਜਾਬ ਨਮਿੱਤਣ (ਨੰ.1) ਬਿਲ, 2024

5. ਪੰਜਾਬ ਨਮਿੱਤਣ (ਨੰ.2) ਬਿਲ, 2024

6. ਪੰਜਾਬ ਨਮਿੱਤਣ (ਨੰ. 3) ਬਿਲ, 2024

---------------

**1430/Karamjit kaur/Rajneesh kumar**

**MATTERS RAISED DURING ZERO HOUR AND STATEMENT MADE BY THE CHIEF MINISTER/MINISTERS THEREON**

**ਮਾਣਯੋਗ ਸਪੀਕਰ:** ਜ਼ੀਰੋ ਆਵਰ।

**ਸਰਦਾਰ ਪ੍ਰਤਾਪ ਸਿੰਘ ਬਾਜਵਾ (ਕਾਦੀਆਂ)**: ਧੰਨਵਾਦ ਸਪੀਕਰ ਸਾਹਿਬ, ਸਭ ਤੋਂ ਪਹਿਲਾਂ ਮੈਂ ਤੁਹਾਡੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਮੇਰੇ ਵੱਲੋਂ ਮਾਣਯੋਗ ਹਾਈਕੋਰਟ ਵਿਚ ਇਕ ਰਿੱਟ ਕੀਤੀ ਗਈ ਸੀ ਕਿ ਵਿਧਾਨ ਸਭਾ ਵਿਚ ਜਿਹੜਾ ਤੁਸੀਂ ਕੈਮਰਿਆਂ ਦਾ ਕੰਮ ਕੀਤਾ ਹੈ, ਉਸ ਵਿੱਚ ਆਪੋਜੀਸ਼ਨ ਨੂੰ ਬਰਾਬਰ ਦਾ ਮੌਕਾ ਨਹੀਂ ਦਿੱਤਾ ਜਾ ਰਿਹਾ, ਉਸ ਵਿਚ ਕੋਈ ਰੂਲਜ਼ ਨਹੀਂ, ਕੋਈ ਰੈਗੂਲੇਸ਼ਨ ਨਹੀਂ। ਮੈਂ ਰਾਜ ਸਭਾ ਅਤੇ ਲੋਕ ਸਭਾ ਦਾ ਵੀ ਮੈਂਬਰ ਰਿਹਾ ਹਾਂ, they are governed by rules and regulation. ਮਾਣਯੋਗ ਚੀਫ਼ ਜਸਟਿਸ ਨੇ 9 ਅਗਸਤ ਨੂੰ ਤੁਹਾਨੂੰ ਇਕ ਰਿਕਵੈਸਟ ਘੱਲੀ ਹੈ ਕਿਉਂਕਿ ਉਹ ਤੁਹਾਨੂੰ ਡਾਇਰੈਕਟ ਤਾਂ ਕਰ ਨਹੀਂ ਸਕਦੇ ਕਿਉਂਕਿ ਤੁਸੀਂ ਇਸ ਹਾਊਸ ਦੇ ਕਸਟੋਡੀਅਨ ਹੋ। ਉਨ੍ਹਾਂ ਨੇ ਇਹ ਗੱਲ ਕਹੀ ਹੈ ਕਿ ਇਸ ਸਦਨ ਵਿਚ ਸਾਰਿਆਂ ਨੂੰ ਬਰਾਬਰ ਦਾ ਮੌਕਾ ਜ਼ਰੂਰ ਦਿੱਤਾ ਜਾਵੇ। ਜਦੋਂ ਆਪੋਜੀਸ਼ਨ ਦੀ ਗੱਲ ਹੁੰਦੀ ਹੈ ਤਾਂ ਲਾਂਗ ਸ਼ਾਰਟ ਦੇ ਵਿਚ ਪਾ ਦਿੱਤਾ ਜਾਂਦਾ ਹੈ। ਪੰਜਾਬ ਵਿਚ ਸੁਣਨ ਵਾਲਿਆਂ ਨੂੰ ਇਹ ਵੀ ਨਹੀਂ ਪਤਾ ਲਗਦਾ ਕਿ ਬੋਲ ਕੌਣ ਰਿਹਾ ਹੈ ਅਤੇ ਬੋਲ ਕੀ ਰਿਹਾ ਹੈ। ਜਦੋਂ ਤੁਹਾਡੀ ਰੂਲਿੰਗ ਪਾਰਟੀ ਨੂੰ ਮੌਕਾ ਮਿਲਦਾ ਹੈ ਤਾਂ ਕਲੋਜ਼ ਸ਼ਾਟ ਲਏ ਜਾਂਦੇ ਹਨ। ਇਸ ਬਾਰੇ ਮੈਂ ਤੁਹਾਨੂੰ ਚਿੱਠੀ ਵੀ ਲਿਖੀ ਹੈ। ਮੈਂ ਚਾਹੁੰਦਾ ਹਾਂ ਕਿ ਤੁਸੀਂ ਸਾਨੂੰ ਵਿਸ਼ਵਾਸ ਦਿਵਾਓ ਕਿ ਇਸੇ ਸੈਸ਼ਨ ਤੋਂ ਸਾਰਿਆਂ ਨੂੰ ਬਰਾਬਰੀ ਦਾ ਇਹ ਹੱਕ ਦਿੱਤਾ ਜਾਵੇ।

ਜਿਹੜੀ ਗੱਲ ਸਰਦਾਰ ਸੁਖਪਾਲ ਸਿੰਘ ਖਹਿਰਾ ਜੀ ਨੇ ਕੀਤੀ ਹੈ, ਉਹੀ ਗੱਲ ਮੈਂ ਵੀ ਤੁਹਾਡੇ ਨੋਟਿਸ ਵਿਚ ਲੈ ਕੇ ਆਉਣੀ ਸੀ। ਖਹਿਰਾ ਸਾਹਿਬ ਤੁਹਾਡੀ ਪਾਰਟੀ ਦੇ ਲੀਡਰ ਆਫ਼ ਆਪੋਜੀਸ਼ਨ ਰਹੇ ਹਨ, ਜਦੋਂ ਤੁਸੀਂ ਆਪੋਜੀਸ਼ਨ ਵਿਚ ਹੁੰਦੇ ਸੀ। ਖੁਸ਼ਕਿਸਮਤੀ ਦੇ ਨਾਲ ਅੱਜ ਤੁਸੀਂ ਸਾਡੀ ਜਗ੍ਹਾ ਤੇ ਬੈਠੇ ਹੋ ਅਤੇ ਅਸੀਂ ਤੁਹਾਡੀ ਜਗ੍ਹਾ ਤੇ ਆ ਗਏ ਹਾਂ। ਸਪੀਕਰ ਸਾਹਿਬ, ਉਦੋਂ ਤੁਸੀਂ ਵੀ ਇਸ ਹਾਊਸ ਦੇ ਮੈਂਬਰ ਸੀ, ਸਾਡੇ ਵਿੱਤ ਮੰਤਰੀ ਜੀ ਵੀ ਮੈਂਬਰ ਸੀ ਅਤੇ ਮੇਰੇ ਛੋਟੇ ਵੀਰ ਸ੍ਰੀ ਅਮਨ ਅਰੋੜਾ ਜੀ ਵੀ ਇਸ ਸਦਨ ਦੇ ਮੈਂਬਰ ਸਨ। ਸਰਦਾਰ ਸੁਖਪਾਲ ਸਿੰਘ ਖਹਿਰਾ ਜੀ ਵੀ ਸਦਨ ਦੇ ਮੈਂਬਰ ਸਨ। ਉਦੋਂ ਤੁਸੀਂ ਲੋਕਤੰਤਰ ਨੂੰ ਮਜ਼ਬੂਤ ਕਰਨ ਲਈ ਡਾ. ਅੰਬੇਦਕਰ ਸਾਹਿਬ ਦੀਆਂ ਲੰਮੀਆਂ ਚੌੜੀਆਂ ਗੱਲਾਂ ਕਰਦੇ ਹੁੰਦੇ ਸੀ ਅਤੇ ਤੁਸੀਂ ਇਹ ਗੱਲ ਕਹੀ ਸੀ ਕਿ ਜਿਹੜੇ ਸਾਡੇ ਤਿੰਨ ਸੈਸ਼ਨ ਹੁੰਦੇ ਹਨ, ਇਨ੍ਹਾਂ ਵਿੱਚ ਮਿਨੀਮਮ 120 ਦਿਨ ਦੀਆਂ ਸਿਟਿੰਗਜ਼ ਹੋਣੀਆਂ ਚਾਹੀਦੀਆਂ ਹਨ, ਜਿਵੇਂ ਪਾਰਲੀਮੈਂਟ ਵਿਚ ਹੁੰਦਾ ਹੈ। ਅਸੀਂ ਤੁਹਾਡੀ ਬਹੁਤ ਇਜ਼ਤ ਕਰਦੇ ਹਾਂ। ਸਪੀਕਰ ਸਾਹਿਬ, ਮੈਂ ਅੱਜ ਬੀ.ਏ.ਸੀ. ਮੀਟਿੰਗ ਵਿਚ ਵੀ ਤੁਹਾਨੂੰ ਗੁਜ਼ਾਰਿਸ਼ ਕੀਤੀ ਸੀ ਕਿ ਸਾਡੇ 117 ਮੈਂਬਰ ਹਨ, ਬਹੁਤੇ ਤਾਂ ਸੁੱਚੇ ਮੂੰਹ ਹੀ ਚਲੇ ਜਾਂਦੇ ਹਨ। ਸਾਰੇ ਦੇ ਸਾਰੇ 50 ਹਜ਼ਾਰ ਤੋਂ ਵੱਧ ਵੋਟਾਂ ਲੈ ਕੇ ਇਸ ਸਦਨ ਵਿਚ ਪਹੁੰਚੇ ਹਨ। ਸੋ, ਮੇਰੀ ਬੇਨਤੀ ਹੈ ਕਿ ਤੁਸੀਂ ਜੇਕਰ 10 ਮਿੰਟ ਵੀ ਹਰ ਮੈਂਬਰ ਨੂੰ ਦਿੰਦੇ ਹੋ ਤਾਂ 1170 ਮਿੰਟ ਬਣਦੇ ਹਨ। ਸਾਡੀ ਹਰ ਅਸੈਂਬਲੀ ਦੀ ਰੋਜ਼ਾਨਾ ਸਾਢੇ ਚਾਰ ਘੰਟੇ ਵਰਕਿੰਗ ਹੁੰਦੀ ਹੈ, ਜਿਸ ਵਿਚੋਂ ਜ਼ੀਰੋ ਆਵਰ ਅਤੇ ਪ੍ਰਸ਼ਨ ਕਾਲ ਕੱਢ ਦਈਏ ਤਾਂ ਤਿੰਨ ਘੰਟੇ ਬਚਦੇ ਹਨ। ਸੋ, 9 ਦਿਨ ਮਿਨੀਮਮ ਇਸ ਸੈਸ਼ਨ ਨੂੰ ਵਧਾਉਣਾ ਚਾਹੀਦਾ ਹੈ ਤਾਂ ਜੋ ਸਾਰੇ ਮੈਂਬਰ ਆਪਣੇ ਹਲਕੇ ਦੀ ਗੱਲ ਕਰ ਸਕਣ।

**ਮਾਣਯੋਗ ਸਪੀਕਰ**: ਆਪਾਂ ਹੋਰ ਮੈਂਬਰ ਸਾਹਿਬਾਨ ਦੀ ਵੀ ਗੱਲ ਲੈ ਲਈਏ।

**ਸਰਦਾਰ ਪ੍ਰਤਾਪ ਸਿੰਘ ਬਾਜਵਾ** : ਸਪੀਕਰ ਸਾਹਿਬ, ਇਕ ਮਿੰਟ ਜੀ। ਇਹ ਜ਼ਰੂਰੀ ਗੱਲ ਹੈ। ਤੁਸੀਂ ਸੈਸ਼ਨ ਬੁਲਾਉਂਦੇ ਹੀ ਛੇ ਮਹੀਨਿਆਂ ਬਾਅਦ ਹੋ। ਜੇਕਰ ਸੈਸ਼ਨ ਲੰਬਾ ਚੱਲੇ ਤਾਂ ਸਾਨੂੰ ਇੰਨਾ ਜ਼ੋਰ ਲਗਾਉਣ ਦੀ ਲੋੜ ਹੀ ਨਾ ਪਵੇ। ਜਿਹੜੇ ਵਿਧਾਨ ਸਭਾ ਦੇ ਕੰਡਕਟ ਆਫ਼ ਰੂਲਜ਼ ਐਂਡ ਪ੍ਰੋਸੀਜ਼ਰਜ਼ ਹਨ, ਇਸ ਮੁਤਾਬਿਕ ਮਿਨੀਮਮ 40 ਦਿਨ ਦੀ ਸਿਟਿੰਗ ਹਰ

ਸਾਲ ਹੋਣੀ ਚਾਹੀਦੀ ਹੈ। ਮੈਂ ਤੁਹਾਨੂੰ ਦੱਸਣਾ ਚਾਹੁੰਦਾ ਹਾਂ ਕਿ ਜਿਨ੍ਹਾਂ ਨੇ ਜਮਹੂਰੀਅਤ ਦੀਆਂ, ਡਾ. ਅੰਬੇਦਕਰ ਦੀਆਂ, ਬਦਲਾਵ ਦੀਆਂ ਲੰਮੀਆਂ ਚੌੜੀਆਂ ਗੱਲਾਂ ਕੀਤੀਆਂ ਹਨ, ਉਨ੍ਹਾਂ ਨੇ, ਅਜੇ ਤੱਕ ਜੇਕਰ ਇਸ ਸੈਸ਼ਨ ਦੀਆਂ ਤਿੰਨ ਸਿਟਿੰਗਜ਼ ਵੀ ਗਿਣ ਲਈਏ, ਤਾਂ ਇਹ ਟੋਟਲ 39 ਸਿਟਿੰਗਜ਼ ਬਣਦੀਆਂ ਹਨ। ਸੋ, ਤਿੰਨ ਸਾਲ ਵਿਚ ਸਾਡੀਆਂ ਟੋਟਲ ਸਿਟਿੰਗਜ਼ 39 ਹਨ, 40 ਵੀ ਨਹੀਂ ਬਣੀਆਂ। ਸੋ, ਕ੍ਰਿਪਾ ਕਰਕੇ ਇਹ ਕੰਮ ਨਾ ਕਰੋ। ਮੈਂ ਤੁਹਾਨੂੰ ਪੁੱਛਿਆ ਸੀ ਕਿ ਐਨਾ ਛੋਟਾ ਸੈਸ਼ਨ ਕਿਉਂ ਕਰ ਰਹੇ ਹੋ ਤਾਂ ਤੁਸੀਂ ਕਿਹਾ ਕਿ ਬਿਜ਼ਨਸ ਹੀ ਨਹੀਂ ਹੈ। ਸਾਡੇ ਨੌਜੁਆਨ ਕਹਿੰਦੇ ਹਨ ਕਿ ਸਾਡੇ ਕੋਲ ਕਾਰੋਬਾਰ ਨਹੀਂ ਹੈ, ਉਹ ਬਾਹਰਲੇ ਮੁਲਕਾਂ ਵਿਚ ਜਾ ਰਹੇ ਹਨ। ਹੁਣ ਜੇਕਰ ਤੁਸੀਂ ਵਕਤ ਦਿਓਗੇ ਤਾਂ ਹੀ ਬਿਜ਼ਨਸ ਦੀ ਗੱਲ ਕਰਾਂਗੇ। ਪੰਜਾਬ ਵਿਚ ਲਾਅ ਐਂਡ ਆਰਡਰ ਦੀ ਹਾਲਤ ਵੇਖ ਲਓ। ਲਾਰੈਂਸ ਬਿਸ਼ਨੋਈ ਦਾ ਮਾਮਲਾ ਵੇਖ ਲਓ।

**ਮਾਣਯੋਗ ਸਪੀਕਰ**: ਬਾਜਵਾ ਸਾਹਿਬ, ਆਪਾਂ ਹੋਰ ਮੈਂਬਰ ਸਾਹਿਬਾਨ ਨੂੰ ਵੀ ਮੌਕਾ ਦੇ ਦਈਏ।

**ਸਰਦਾਰ ਪ੍ਰਤਾਪ ਸਿੰਘ ਬਾਜਵਾ** : ਸਪੀਕਰ ਸਾਹਿਬ, ਮੇਰੀ ਬੇਨਤੀ ਤਾਂ ਸੁਣ ਲਓ।

**ਮਾਣਯੋਗ ਸਪੀਕਰ**: ਬਾਜਵਾ ਸਾਹਿਬ, ਤੁਸੀਂ ਇਕ ਮਿੰਟ ਵਿਚ ਆਪਣੀ ਗੱਲ ਖਤਮ ਕਰੋ।

**ਸਰਦਾਰ ਪ੍ਰਤਾਪ ਸਿੰਘ ਬਾਜਵਾ** : ਸਪੀਕਰ ਸਾਹਿਬ, ਕਿਸਾਨ ਬਾਰਡਰਾਂ ਤੇ ਬੈਠੇ ਹਨ, ਉਨ੍ਹਾਂ ਦੀ ਕੋਈ ਸੁਣਵਾਈ ਨਹੀਂ, ਖਾਦਾਂ ਡੁਪਲੀਕੇਟ ਆ ਰਹੀਆਂ ਹਨ। ਬਰਗਾੜੀ, ਬਹਿਬਲ ਕਲਾਂ ਜਿੱਥੋਂ ਤੁਸੀਂ ਖੁਦ ਆਉਂਦੇ ਹੋ, ਤੁਸੀਂ ਅੰਮ੍ਰਿਤਧਾਰੀ ਹੋ। ਇੱਥੇ ਸਾਡੇ ਵੀਰ ਕੁੰਵਰ ਵਿਜੈ ਪ੍ਰਤਾਪ ਸਿੰਘ ਜੀ ਬੈਠੇ ਹਨ। ਢਾਈ ਸਾਲਾਂ ਤੋਂ ਉਹ ਵੀ ਫਰਿਆਦ ਕਰਦੇ ਰਹੇ, ਮੈਂ ਵੀ ਕਰਦਾ ਰਿਹਾ। ਇਸ ਮਸਲੇ ਤੇ ਕੋਈ ਡਿਸਕਸ਼ਨ ਹੀ ਕਰ ਲਓ। ਸੱਚੇ ਸੌਦੇ ਵਾਲੇ ਸਾਧ ਦੀ ਪ੍ਰਾਸੀਕਿਊਸ਼ਨ ਦੀ ਫਾਈਲ ਢਾਈ ਸਾਲ ਤੋਂ ਮੁੱਖ ਮੰਤਰੀ ਜੀ ਕੋਲ ਪਈ ਹੈ, ਤੁਸੀਂ ਹਾਲੇ ਤੱਕ ਸੈਂਕਸ਼ਨ ਹੀ ਨਹੀਂ ਦਿੱਤੀ।

**1435/harpreet singh/Rajneesh kumar**

ਇੱਥੇ ਪਾਵਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਹੋਈ, ਇੱਕ ਸਿੱਖ ਸਟੇਟ ਦੇ ਵਿੱਚ ਹੋਈ ਪਰ ਅਸੀਂ ਉਸ ਵਿੱਚ ਸ਼ਾਮਲ ਲੋਕਾਂ ਨੂੰ ਕਟਹਿਰੇ ਤੱਕ ਨਹੀਂ ਪਹੁੰਚਾ ਪਾਏ ਫਿਰ ਅਸੀਂ ਕਿਸ ਕਿਸਮ ਦੀ ਸਰਕਾਰ ਦੀ ਗੱਲ ਕਰ ਰਹੇ ਹਾਂ। ਬਰਗਾੜੀ ਬਹਿਬਲ ਕਲਾਂ ਤੇ ਕੋਈ ਗੱਲ ਨਹੀਂ ਹੋਈ। ਬਠਿੰਡਾ ਜੇਲ੍ਹ ਦੇ ਵਿੱਚ ਇੱਕ ਸੁਪਰਡੰਟ ਨੇ ਅੱਜ ਰਿਜ਼ਾਇਨ ਕਰ ਦਿੱਤਾ ਹੈ। ਉਸ ਦਾ ਬਿਆਨ ਪੜੋ, ਉਸ ਨੇ ਕਿਹਾ ਕਿ ਇੱਥੇ ਜੇਲ੍ਹ ਦੇ ਵਿੱਚ ਕੋਈ ਰੂਲਜ਼ ਐਂਡ ਰੈਗੂਲੇਸ਼ਨ ਨਹੀਂ ਹਨ। ਅੱਜ ਬਕਾਇਦਾ ਤੌਰ ਤੇ ਮਿਸਟਰ ਸਿੱਧੂ ਦਾ ਬਿਆਨ ਹੈ ਕਿ Gangsters are running the jails and it has been proven beyond doubt. ਇੱਥੇ ਡੀ.ਜੀ.ਪੀ ਲੈਵਲ ਦਾ ਆਦਮੀ ਆਨਰੇਬਲ ਹਾਈ ਕੋਰਟ ਦੇ ਵਿੱਚ ਇਹ ਗੱਲ ਕਹਿੰਦਾ ਹੈ ਕਿ ਖਰੜ ਦੇ ਸੀ.ਆਈ.ਏ ਦੇ ਵਿੱਚ ਇੱਕ ਐਸ.ਪੀ ਬੈਠ ਕੇ ਲਾਰੈਂਸ ਬਿਸ਼ਨੋਈ ਦੀ ਇੰਟਰਵਿਊ ਕਰਵਾਉਂਦਾ। ਉਸ ਦੀ ਇੰਟਰਵਿਊ ਕਰਵਾਈ ਗਈ, ਆਪਣਾ ਫੋਨ ਦਿੱਤਾ ਗਿਆ। ਇੱਥੇ ਇਹ ਵੀ ਦੱਸਿਆ ਜਾਵੇ ਕਿ ਕੀ ਸਿੱਧੂ ਮੂਸੇਵਾਲਾ ਦੇ ਪੇਰੈਂਟਸ ਨੂੰ ਜਸਟਿਸ ਦੀ ਉਮੀਦ ਹੋ ਸਕਦੀ ਹੈ?

**ਮਾਣਯੋਗ ਸਪੀਕਰ:** ਬੱਸ ਹੋ ਗਿਆ ਜੀ । ਬੈਠੋ ਜੀ। ਤੁਹਾਡੇ ਕੋਲ ਬੋਲਣ ਲਈ ਹੋਰ ਵੀ ਬਹੁਤ ਟਾਈਮ ਹੈ। ਲੀਡਰ ਆਫ ਆਪੋਜ਼ੀਸ਼ਨ ਨੂੰ ਬੜਾ ਟਾਈਮ ਮਿਲਣਾ ਹੈ।

**ਸਰਦਾਰ ਪ੍ਰਤਾਪ ਸਿੰਘ ਬਾਜਵਾ:** ਸਰ, ਟਾਈਮ ਹੀ ਇੱਕ ਦਿਨ ਦਾ ਹੈ।

**ਮਾਣਯੋਗ ਸਪੀਕਰ:** ਇੱਕ ਦਿਨ ਦਾ ਟਾਈਮ ਨਹੀਂ ਜੀ। ਬੜਾ ਟਾਈਮ ਮਿਲਣਾ ਹੈ। ਮੈਂ ਇੱਕ ਗੱਲ ਦੀ ਕਲੈਰੀਫਿਕੇਸ਼ਨ ਦੇਣੀ ਹੈ। ਤੁਸੀਂ ਬੈਠੋ ਜੀ।

**ਸਰਦਾਰ ਪ੍ਰਤਾਪ ਸਿੰਘ ਬਾਜਵਾ:** ਸਰ, ਮੇਰੀ ਲਾਸਟ ਇੱਕ ਛੋਟੀ ਜਿਹੀ ਗੱਲ ਹੈ। ਸਪੀਕਰ ਸਾਹਿਬ, ਤਕਰੀਬਨ, 31 ਚਿੱਠੀਆਂ ਮੈਂ ਚੀਫ ਮਨਿਸਟਰ ਸਾਹਿਬ ਨੂੰ ਲਿਖੀਆਂ as a Leader of Opposition. Formally, 11 ਚਿੱਠੀਆਂ ਮੈਂ ਮਨਿਸਟਰਜ਼ ਨੂੰ ਲਿਖੀਆਂ, 28 ਚਿੱਠੀਆਂ ਤੁਹਾਨੂੰ ਗਈਆਂ ਹਨ, 14 ਚਿੱਠੀਆਂ ਚੀਫ ਸੈਕਟਰੀ ਨੂੰ ਗਈਆਂ ਹਨ, 7 ਸੈਕਟਰੀਜ਼ ਨੂੰ ਗਈਆਂ ਹਨ। ਕੋਈ ਬੰਦਾ ਇੰਨਾਂ ਵੀ irresponsible ਹੋ ਸਕਦਾ ਹੈ ਕਿ ਜਵਾਬ ਦੇ ਕੇ ਰਾਜ਼ੀ ਨਹੀਂ। ਇਸ ਦਾ ਮਤਲਬ ਤਾਂ ਇਹ ਹੈ ਕਿ ਆਪਾਂ ਸਮਝਦੇ ਹਾਂ ਕਿ ਇੱਕ ਵਾਰ ਬਣ ਗਏ ਹਾਂ, ਇਸ ਤੋਂ ਬਾਅਦ ਸਾਡਾ ਕੀ ਵਿਗਾੜ ਲਵੋਗੇ। Chief Minister never replies back, you never reply back, Chief Secretary does not reply back and Secretaries don’t reply back, Ministers don't reply back. What is the purpose of convening the Vidhan Sabha Session. The whole purpose of Vidhan Sabha Session is completely depleted. ਜੇ ਆਪਾਂ ਇਹੀ ਕੰਮ ਕਰਨੇ ਹਨ ਤਾਂ ਵਿਧਾਨ ਸਭਾ ਸੈਸ਼ਨ ਸੱਦਣ ਦਾ ਫਾਇਦਾ ਕੀ ਹੈ? ਤੁਸੀਂ ਖੁਦ ਕਹਿੰਦੇ ਰਹੇ ਹੋ। 120 ਦਿਨਾਂ ਦੀ ਜਗ੍ਹਾ ਤਿੰਨਾਂ ਸਾਲਾਂ ਵਿੱਚ 49 ਦਿਨ ਹੀ ਵਿਧਾਨ ਸਭਾ ਸੈਸ਼ਨ ਲੱਗਿਆ। ਇਸ ਤੋਂ ਵੱਡੀ ਹੋਰ ਡੈਮੋਕਰੇਸੀ ਦੀ ਤੌਹੀਨ ਹੋਰ ਕੀ ਹੋ ਸਕਦੀ ਹੈ? ਇਸ ਤੇ ਕਿਰਪਾ ਕਰਕੇ ਮੌਕਾ ਦਿਓ, ਬਹੁਤ ਸਾਰੀਆਂ ਗੱਲਾਂ ਹਾਲੇ ਹੋਰ ਕਰਨ ਵਾਲੀਆਂ ਹਨ, (ਵਿਘਨ) ਫੰਡਸ ਤੁਹਾਡੇ ਹੈਲਡ-ਅੱਪ ਕੀਤੇ ਹੋਏ ਹਨ।

**ਮਾਣਯੋਗ ਸਪੀਕਰ:** ਆਪਾਂ ਸਾਰੀਆਂ ਗੱਲਾਂ ਕਰਾਂਗੇ। ਆਪਣੇ ਹੋਰ ਵੀ ਸਾਥੀਆਂ ਨੇ ਬੋਲਣਾ ਹੈ। ਤੁਸੀਂ ਬੈਠੋ ਜੀ।

**ਸਰਦਾਰ ਪ੍ਰਤਾਪ ਸਿੰਘ ਬਾਜਵਾ:** ਸਰ, ਮਾਈਕ ਤਾਂ ਆਨ ਰੱਖਿਆ ਕਰੋ ਜੀ। ਮੈਂ ਬੈਠ ਤੇ ਜਾਵਾਂਗਾ ਜੀ। ਪਰ ਮਾਈਕ ਤਾਂ ਆਨ ਰੱਖਿਆ ਕਰੋ ਜੀ।

**ਮਾਣਯੋਗ ਸਪੀਕਰ:** ਮਾਈਕ ਵੀ ਆਨ ਹੋ ਜਾਏਗਾ। ਜਦੋਂ ਤੁਸੀਂ ਖੜ੍ਹੇ ਹੋਏ ਸੀ ਤਾਂ ਸਭ ਤੋਂ ਪਹਿਲਾਂ ਤੁਹਾਡਾ ਮਾਈਕ ਆਨ ਕੀਤਾ ਸੀ।

------

## CLARIFICATION BY THE SPEAKER

**ਮਾਣਯੋਗ ਸਪੀਕਰ** : ਮੈਂ ਇੱਕ ਕਲੈਰੀਫਿਕੇਸ਼ਨ ਹਾਊਸ ਨੂੰ ਦੇਣੀ ਚਾਹੁੰਦਾ ਹਾਂ। ਮਾਣਯੋਗ ਲੀਡਰ ਆਫ ਆਪੋਜ਼ੀਸ਼ਨ ਨੇ ਕਿਹਾ ਹੈ ਕਿ ਬਹੁਤੇ ਮੈਂਬਰ ਸੁੱਚੇ ਮੂੰਹ ਚਲੇ ਜਾਂਦੇ ਹਨ। ਪਿਛਲੀਆਂ ਟਰਮਜ਼ ਦਾ ਵਿਧਾਨ ਸਭਾ ਦਾ ਰਿਕਾਰਡ ਕਢਵਾ ਲਓ ਤੇ ਹੁਣ ਦਾ ਰਿਕਾਰਡ ਕਢਵਾ ਲਓ, ਆਪੋਜ਼ੀਸ਼ਨ ਨੂੰ ਸਭ ਤੋਂ ਵੱਧ ਟਾਈਮ ਹੁਣ ਦਿੱਤਾ ਜਾਂਦਾ ਹੈ। ਮੈਂ ਪੂਰੀ ਜ਼ਿੰਮੇਵਾਰੀ

ਨਾਲ ਕਹਿੰਦਾ ਹਾਂ ਕਿ ਕੋਈ ਵੀ ਮੈਂਬਰ ਐਸਾ ਨਹੀਂ ਹੈ ਜਿਹੜਾ ਇੱਥੋਂ ਸੁੱਚੇ ਮੂੰਹ ਗਿਆ ਹੋਵੇ। ਹਰੇਕ ਮੈਂਬਰ ਨੂੰ ਮੌਕਾ ਦਿੱਤਾ ਜਾਂਦਾ ਹੈ। ਈਵਨ ਚੇਅਰ ਵੱਲੋਂ ਵੀ ਬੁਲਾਇਆ ਜਾਂਦਾ ਹੈ। ਹਾਂ ਜੇ ਕੋਈ ਜ਼ਿਆਦਾ ਹੀ unruly ਹੋ ਜਾਵੇ, ਫਿਰ ਉਸ ਨੂੰ ਥੋੜ੍ਹਾ ਬਹੁਤਾ ਕਾਨੂੰਨ ਵੀ ਸਿਖਾਇਆ ਜਾਂਦਾ ਹੈ। ਬਾਕੀ ਗੱਲ ਇਹ ਹੈ ਕਿ "Provided further that the recommendations of BAC shall prevail in the matter of Business to be transacted in the House." ਇਸ ਅਨੁਸਾਰ ਜਿਹੜੀਆਂ ਸਿਟਿੰਗਜ਼ ਹਨ ਉਹ ਬੀ.ਏ.ਸੀ. ਵਿੱਚ ਡਿਸਾਈਡ ਹੁੰਦੀਆਂ ਹਨ। ਜਿੰਨਾ ਤੁਹਾਡਾ ਬਿਜ਼ਨਸ ਆਉਂਦਾ ਹੈ, ਉਸ ਹਿਸਾਬ ਨਾਲ ਡਿਸਾਈਡ ਹੁੰਦਾ ਹੈ। ਲੇਕਿਨ ਚੇਅਰ ਵੱਲੋਂ ਕੋਸ਼ਿਸ਼ ਇਹ ਰਹੇਗੀ ਕਿ ਕੋਈ ਵੀ ਐਸਾ ਮੁੱਦਾ ਨਾ ਰਹੇ ਜਿਹੜਾ ਇੱਥੇ ਡਿਸਕਸ ਨਾ ਹੋਵੇ, ਤੁਸੀਂ ਮੈਨੂੰ ਬਾਅਦ ਵਿੱਚ ਵੀ ਮਿਲ ਕੇ ਦੱਸ ਸਕਦੇ ਹੋ ਕਿ ਕਿਹੜੇ ਮੁੱਦੇ ਰਹਿ ਗਏ ਹਨ, ਆਪਾਂ ਫਿਰ ਉਹ ਡਿਸਕਸ ਕਰਾਂਗੇ। We have ample time. ਸਮੇਂ ਦੀ ਕੋਈ ਬੰਦਿਸ਼ ਨਹੀਂ ਹੈ, ਆਪਾਂ ਸਾਰੇ ਮੁੱਦੇ ਇੱਥੇ ਡਿਸਕਸ ਕਰਾਂਗੇ।

----

**WELCOME ANNOUNCEMENT BY THE SPEAKER**

**ਮਾਣਯੋਗ ਸਪੀਕਰ:** ਮੈਨੂੰ ਇਸ ਪਵਿੱਤਰ ਸਦਨ ਵਿੱਚ ਦੱਸਣ ਤੇ ਮਾਣ ਮਹਿਸੂਸ ਹੋ ਰਿਹਾ ਹੈ ਕਿ ਸ੍ਰੀ ਗੁਰਮੀਤ ਸਿੰਘ ਮੀਤ ਹੇਅਰ, ਮਾਣਯੋਗ ਮੈਂਬਰ, ਲੋਕ ਸਭਾ, ਸਦਨ ਦੀ ਕਾਰਵਾਈ ਵੇਖਣ ਲਈ ਗਵਰਨਰ ਬਾਕਸ ਵਿੱਚ ਮੌਜੂਦ ਹਨ, ਆਓ ਅਸੀਂ ਉਨ੍ਹਾਂ ਦਾ ਨਿੱਘਾ ਸਵਾਗਤ ਕਰੀਏ।

-----

**1440/amandeep kaur/Monika sharma**

**MATTERS RAISED DURING ZERO HOUR AND STATEMENT MADE BY THE CHIEF MINISTER/MINISTERS THEREON (*Resumption*)**

**ਸਰਦਾਰ ਮਨਪ੍ਰੀਤ ਸਿੰਘ ਇਆਲੀ (ਦਾਖਾ)** : ਸਪੀਕਰ ਸਾਹਿਬ, ਧੰਨਵਾਦ ਕਿ ਤੁਸੀਂ ਮੈਨੂੰ ਜ਼ੀਰੋ ਆਵਰ ਵਿੱਚ ਬੋਲਣ ਦਾ ਮੌਕਾ ਦਿੱਤਾ ਹੈ। ਜਿਵੇਂ ਪਹਿਲਾਂ ਲੀਡਰ ਆਫ ਆਪੋਜ਼ੀਸ਼ਨ ਵੱਲੋਂ ਅਤੇ ਮੈਂਬਰ ਸਾਹਿਬਾਨ ਵੱਲੋਂ ਗੱਲ ਕੀਤੀ ਗਈ ਹੈ ਕਿ ਇਹ ਸੈਸ਼ਨ ਘੱਟੋ-ਘੱਟ ਇੱਕ ਹਫ਼ਤੇ ਦਾ ਹੋਣਾ ਚਾਹੀਦਾ ਹੈ, ਮੈਂ ਇਸ ਨਾਲ ਸਹਿਮਤ ਹਾਂ। ਸਾਰੇ ਮੈਂਬਰ ਸਾਹਿਬਾਨਾਂ ਦੇ ਆਪਣੇ-ਆਪਣੇ ਇਲਾਕਿਆਂ ਦੇ ਬਹੁਤ ਸਾਰੇ ਮੁੱਦੇ ਹਨ, ਇਸ ਤੋਂ ਇਲਾਵਾ ਪੰਜਾਬ ਦੇ ਬਹੁਤ ਸਾਰੇ ਮੁੱਦੇ ਹਨ, ਜਿਨ੍ਹਾਂ ਤੇ ਬਹਿਸ ਹੋਣੀ ਬੜੀ ਜ਼ਰੂਰੀ ਹੈ।

ਮੈਂ ਬੁੱਢੇ ਦਰਿਆ ਸਬੰਧੀ ਇੱਕ ਬੜਾ ਜ਼ਰੂਰੀ ਧਿਆਨ ਦਿਵਾਊ ਮਤਾ ਵੀ ਭੇਜਿਆ ਸੀ ਜਿਸ ਨੂੰ ਤੁਸੀਂ ਰੱਦ ਕਰ ਦਿੱਤਾ ਹੈ। ਇਹ ਪੰਜਾਬ ਦਾ ਬੜਾ ਅਹਿਮ ਮਸਲਾ ਹੈ, ਖਾਸ ਤੌਰ ਤੇ ਮਾਲਵੇ ਦਾ ਇੱਕ ਅਹਿਮ ਮਸਲਾ ਹੈ। ਕਈ ਸੰਸਥਾਵਾਂ ਵੱਲੋਂ ਇਸ ਬਾਰੇ ਬੜੇ ਧਰਨੇ ਵੀ ਲੱਗ ਰਹੇ ਹਨ। ਮੈਂ ਬੇਨਤੀ ਕਰਦਾ ਹਾਂ ਕਿ ਇਸ ਤੇ ਬਹਿਸ ਜ਼ਰੂਰ ਕਰਵਾਈ ਜਾਵੇ ਤਾਂ ਜੋ ਇਹ ਮਸਲਾ ਜਲਦੀ ਤੋਂ ਜਲਦੀ ਹੱਲ ਕੀਤਾ ਜਾ ਸਕੇ।

ਇਸ ਦੇ ਨਾਲ ਹੀ ਇੱਕ ਅਹਿਮ ਮਸਲਾ ਕਿਸਾਨਾਂ ਦਾ ਮਸਲਾ ਹੈ। ਪੰਜਾਬ ਦਾ ਮੁੱਖ ਕਿੱਤਾ ਖੇਤੀਬਾੜੀ ਹੈ। ਸਾਡੇ ਕਿਸਾਨ ਆਪਣੀਆਂ ਮੰਗਾਂ ਨੂੰ ਲੈ ਕੇ ਕੇਂਦਰ ਦੇ ਖਿਲਾਫ ਲੜਾਈ ਲੜ ਰਹੇ ਹਨ ਅਤੇ ਬਾਰਡਰਾਂ ਤੇ ਬੈਠੇ ਹਨ। ਇਸੇ ਤਰ੍ਹਾਂ ਬਹੁਤ ਸਾਰੇ ਕਿਸਾਨੀ ਮਸਲੇ ਪੰਜਾਬ ਸਰਕਾਰ ਨਾਲ ਸਬੰਧਤ ਹਨ। ਕਿਸਾਨ ਜਥੇਬੰਦੀਆਂ ਵੱਲੋਂ ਅੱਜ ਵਿਧਾਨ ਸਭਾ ਦਾ ਵੀ ਘਿਰਾਉ ਕੀਤਾ ਜਾ ਰਿਹਾ ਹੈ। ਪੰਜਾਬ ਵਿੱਚ ਭਾਰਤ ਮਾਲਾ ਸਕੀਮ ਤਹਿਤ ਜੋ ਸੜਕਾਂ ਬਣ ਰਹੀਆਂ ਹਨ ਅਤੇ ਦਿੱਲੀ-ਅੰਮ੍ਰਿਤਸਰ-ਕੱਟੜਾ ਹਾਈਵੇਅ ਬਣ ਰਿਹਾ ਹੈ, ਉਨ੍ਹਾਂ ਦਾ ਵਿਰੋਧ ਪੰਜਾਬ ਦੇ ਕਿਸਾਨਾਂ ਵੱਲੋਂ ਕੀਤਾ ਜਾ ਰਿਹਾ ਹੈ ਅਤੇ ਉਹ ਵਿਰੋਧ ਕਿਉਂ ਕਰ ਰਹੇ ਹਨ? ਕਿਉਂਕਿ ਕਿਸਾਨਾਂ ਨੂੰ ਜ਼ਮੀਨ ਦੀ ਪੂਰੀ ਕੀਮਤ ਨਹੀਂ ਮਿਲ ਰਹੀ ਹੈ। ਅੱਜ ਖੇਤੀਬਾੜੀ ਦੀਆਂ ਜ਼ਮੀਨਾਂ ਦੇ ਰੇਟ ਇੰਨੇ ਜ਼ਿਆਦਾ ਵਧ ਚੁੱਕੇ ਹਨ ਕਿ ਪੰਜਾਬ ਵਿੱਚ ਕੱਚੇ ਰਸਤੇ ਤੇ ਪੈਂਦੀ ਉਪਜਾਊ ਜ਼ਮੀਨ ਵੀ 40-50 ਲੱਖ ਰੁਪਏ ਤੋਂ ਘੱਟ ਨਹੀਂ ਮਿਲ ਸਕਦੀ। ਇਨ੍ਹਾਂ ਜ਼ਮੀਨਾਂ ਦਾ ਮੁੱਲ ਪਿਛਲੀ ਕਾਂਗਰਸ ਸਰਕਾਰ ਸਮੇਂ ਦੇ ਸਰਕਾਰੀ ਰੇਟ ਘਟਾ ਦਿੱਤੇ ਗਏ ਸਨ। ਚਾਹੇ ਇਹ ਉਸ ਸਮੇਂ ਦੇ ਚੀਫ ਮਨਿਸਟਰ ਦੀ ਕੇਂਦਰ ਸਰਕਾਰ ਨਾਲ ਅੰਦਰਖਾਤੇ ਕੋਈ ਮਿਲੀਭੁਗਤ ਸੀ ਕਿ ਸਰਕਾਰੀ ਰੇਟ ਘਟਾ ਦਿੱਤੇ ਗਏ ਤਾਂ ਜੋ ਕੇਂਦਰ ਸਰਕਾਰ ਨੂੰ ਸੜਕਾਂ ਲਈ ਜ਼ਮੀਨਾਂ ਉਪਲਬਧ ਕਰਵਾਈਆਂ ਜਾ ਸਕਣ। ਉਸ ਸਮੇਂ 35-35, 40-40 ਲੱਖ ਰੁਪਿਆ ਪਰ ਅੱਜ ਜੋ ਜ਼ਮੀਨਾਂ ਐਕੁਆਇਰ ਹੋ ਰਹੀਆਂ ਹਨ, ਉਨ੍ਹਾਂ ਦੀ ਜ਼ਮੀਨ ਘੱਟੋ-ਘੱਟ 1 ਕਰੋੜ ਹੈ।

ਪਿੰਡ ਲਹਿਰਾ ਬੇਗਾ, ਨਗਰ ਲਹਿਰਾ ਮੁਹੱਬਤ, ਬਠਿੰਡਾ ਦੀ ਜ਼ਮੀਨ ਐਕੁਆਇਰ ਹੋਈ ਹੈ। ਇਹ 64 ਏਕੜ ਦੀ ਕੁੱਲ ਜ਼ਮੀਨ ਹੈ, ਜਿਸ ਦਾ 25 ਏਕੜ ਦਾ ਫਰੰਟ ਮੇਨ ਰੋਡ ਨਾ ਲੱਗਦਾ ਹੈ। ਇਹ ਜ਼ਮੀਨ ਆਦੇਸ਼ ਯੂਨੀਵਰਸਿਟੀ, ਬਠਿੰਡਾ ਦੇ ਨਾਲ ਲੱਗਦੀ ਹੈ। ਇਸ ਦਾ ਮੁੱਲ ਕੇਵਲ 24 ਲੱਖ ਰੁਪਿਆ ਪਾਇਆ ਗਿਆ ਹੈ ਜਦੋਂ ਕਿ ਇਹ ਕਰੋੜਾਂ ਰੁਪਏ ਦੀ ਜ਼ਮੀਨ ਹੈ। ਇਸ ਨਾਲ ਕੀ ਹੋਵੇਗਾ ਕਿ ਕਿਸਾਨਾਂ ਦੀ ਜ਼ਮੀਨ ਖੋਹੀ ਜਾਵੇਗੀ ਅਤੇ ਜਿਹੜੀ ਦੋਹਾਂ ਪਾਸੇ ਜ਼ਮੀਨ ਬਚ ਜਾਂਦੀ ਹੈ, ਉਹ ਉਜਾੜ ਹੋ ਜਾਂਦੀ ਹੈ। ਇਸ ਨਾਲ ਕਿਸਾਨਾਂ ਦਾ ਵੀ ਉਜਾੜਾ ਹੋਵੇਗਾ, ਉਨ੍ਹਾਂ ਨੂੰ ਦੁਬਾਰਾ ਵਸੇਬਾ ਕਰਨਾ ਪਵੇਗਾ। ਪਤਾ ਨਹੀਂ ਉਨ੍ਹਾਂ ਨੂੰ ਹੋਰ ਜ਼ਮੀਨ ਕਿੱਥੇ ਮਿਲੇਗੀ, ਇਹ ਵੀ ਨਹੀਂ ਪਤਾ ਕਿ ਮਿਲੇਗੀ ਵੀ ਕਿ ਨਹੀਂ ਮਿਲੇਗੀ। ਸੋ, ਇਹ ਕਿਸਾਨਾਂ ਦਾ ਬਹੁਤ ਵੱਡਾ ਉਜਾੜਾ ਹੋਵੇਗਾ। ਮੈਂ ਬੇਨਤੀ ਕਰਦਾ ਹਾਂ ਕਿ ਕਿਸਾਨਾਂ ਨੂੰ ਇਨ੍ਹਾਂ ਜ਼ਮੀਨਾਂ ਦਾ ਪੂਰਾ ਮੁੱਲ ਮਿਲਣਾ ਚਾਹੀਦਾ ਹੈ। ਮੈਂ ਪੰਜਾਬ ਸਰਕਾਰ ਤੋਂ ਮੰਗ ਕਰਦਾ ਹਾਂ ਕਿ ਕਿਸਾਨਾਂ ਦੇ ਜੋ ਵੀ ਮਸਲੇ ਹਨ, ਜਿਹੜੇ ਵੀ ਪੰਜਾਬ ਸਰਕਾਰ ਨਾਲ ਸਬੰਧਤ ਹਨ, ਉਹ ਪਹਿਲ ਦੇ ਆਧਾਰ ਤੇ ਹੱਲ ਕੀਤੇ ਜਾਣੇ ਚਾਹੀਦੇ ਹਨ ਅਤੇ ਮੰਗਾਂ ਪ੍ਰਵਾਨ ਹੋਣੀਆਂ ਚਾਹੀਦੀਆਂ ਹਨ। ਕਿਸਾਨ ਕੇਵਲ ਕੇਂਦਰ ਨਾਲ ਹੀ ਲੜਾਈ ਨਹੀਂ ਲੜ ਰਿਹਾ ਸਗੋਂ ਪੰਜਾਬ ਸਰਕਾਰ ਨਾਲ ਵੀ ਲੜਾਈ ਲੜ ਰਿਹਾ ਹੈ। ਕਿਸਾਨ ਦੂਹਰੀ ਲੜਾਈ ਲੜ ਰਿਹਾ ਹੈ ਇਸ ਲਈ ਮੈਂ ਮੰਗ ਕਰਦਾ ਹਾਂ ਕਿ ਕਿਸਾਨਾਂ ਦੇ ਸਾਰੇ ਹੀ ਮਸਲੇ ਚਾਹੇ ਉਹ ਪੰਜਾਬ ਸਰਕਾਰ ਨਾਲ ਸਬੰਧਤ ਹਨ, ਸੜਕਾਂ ਨਾਲ ਸਬੰਧਤ ਹਨ, ਇਹ ਸਾਰੇ ਮਸਲੇ ਹੱਲ ਕੀਤੇ ਜਾਣ ਅਤੇ ਉਨ੍ਹਾਂ ਨੂੰ ਜ਼ਮੀਨਾਂ ਦਾ ਪੂਰਾ ਮੁੱਲ ਮਿਲੇ। ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਜ਼ੀਰੋ ਆਵਰ ਵਿੱਚ ਬੋਲਣ ਦਾ ਮੌਕਾ ਦਿੱਤਾ ਹੈ।

**ਮਾਣਯੋਗ ਸਪੀਕਰ** : ਇਆਲੀ ਸਾਹਿਬ, ਜਿਹੜਾ ਬੁੱਢੇ ਦਰਿਆ ਦਾ ਮਸਲਾ ਹੈ, ਬੁੱਢੇ ਨਾਲੇ ਨੂੰ ਮੁੜ ਤੋਂ ਬੁੱਢਾ ਦਰਿਆ ਬਣਾਉਣ ਵਾਲਾ ਮਸਲਾ ਹੈ, ਇਹ ਮਸਲਾ ਆਪਣਾ ਸਾਰਿਆਂ ਦਾ ਸਾਂਝਾ ਹੈ ਅਤੇ ਪੰਜਾਬ ਦਾ ਮਸਲਾ ਹੈ। ਇਸ ਲਈ ਇਸ ਅਜ਼ੀਮ ਸਦਨ ਵੱਲੋਂ ਇੱਕ ਕਮੇਟੀ ਦਾ ਗਠਨ ਕੀਤਾ ਗਿਆ ਹੈ ਅਤੇ ਕਮੇਟੀ ਲਗਾਤਾਰ ਇਸ ਤੇ ਕੰਮ ਕਰ ਰਹੀ ਹੈ।

ਇਸ ਕਰਕੇ ਤੁਹਾਡਾ ਸੁਜੈਸ਼ਨ ਰਿਜੈਕਟ ਕੀਤਾ ਗਿਆ ਸੀ। ਇਸ ਕਮੇਟੀ ਵਿੱਚ ਤੁਸੀਂ ਖੁਦ ਵੀ ਮੈਂਬਰ ਹੋ। ਸੋ, ਇਸ ਕਰਕੇ ਕਿਰਪਾ ਕਰਕੇ ਤੁਸੀਂ ਉਸ ਕਮੇਟੀ ਨੂੰ ਹੋਰ ਅੱਗੇ ਵਧਾਉ।

**ਸਰਦਾਰ ਮਨਪ੍ਰੀਤ ਸਿੰਘ ਇਆਲੀ** : ਸਪੀਕਰ ਸਾਹਿਬ, ਕਮੇਟੀ ਕੋਲ ਸਿਰਫ ਸਿਫਾਰਸ਼ ਕਰਨ ਦੀ ਪਾਵਰ ਹੈ ਲੇਕਿਨ ਮਸਲਿਆਂ ਦਾ ਹੱਲ ਸਰਕਾਰ ਵੱਲੋਂ ਕੀਤਾ ਜਾਣਾ ਹੈ। ਇਸ ਲਈ ਫੰਡਜ਼ ਚਾਹੀਦੇ ਹਨ। ਇਨ੍ਹਾਂ ਮਸਲਿਆਂ ਦਾ ਕੋਈ ਪੱਕਾ ਹੱਲ ਨਹੀਂ ਹੋ ਰਿਹਾ। ਇਸੇ ਨੂੰ ਡਿਸਕਸ ਕਰਨਾ ਜ਼ਰੂਰੀ ਹੈ ਕਿਉਂਕਿ ਜੇ ਇੱਥੇ ਡਿਸਕਸ਼ਨ ਹੋਵੇਗੀ ਤਾਂ ਮਸਲੇ ਹੱਲ ਹੋਣਗੇ। ਪਿਛਲੀ ਸਰਕਾਰ ਸਮੇਂ ਕਈ ਵਿਭਾਗਾਂ ਨੇ ਚਿੱਠੀਆਂ ਜਾਰੀ ਕਰ ਦਿੱਤੀਆਂ ਕਿ ਜਿਹੜਾ ਟਰੀਟ ਹੋ ਚੁੱਕਾ ਪਾਣੀ ਹੈ, ਚਾਹੇ ਉਹ ਡਾਇੰਗ ਦਾ ਪਾਣੀ ਹੈ ਜਿਸ ਵਿੱਚ ਕੈਮੀਕਲ ਹਨ, ਚਾਹੇ ਹੋਰ ਇੰਡਸਟਰੀ ਦਾ ਪਾਣੀ ਹੈ, ਨਿੱਕਲ ਇੰਡਸਟਰੀ ਦਾ ਪਾਣੀ ਹੈ, ਇਸ ਨੂੰ ਬੁੱਢੇ ਨਾਲੇ ਵਿੱਚ ਟਰੀਟ ਕਰਨ ਉਪਰੰਤ ਵੀ ਨਹੀਂ ਪਾਇਆ ਜਾ ਸਕਦਾ ਲੇਕਿਨ ਇੰਡਸਟਰੀ ਵਿਭਾਗ ਵੱਲੋਂ ਚਿੱਠੀਆਂ ਜਾਰੀ ਕੀਤੀਆਂ ਗਈਆਂ ਕਿ ਇਹ ਪਾਣੀ ਬੁੱਢੇ ਦਰਿਆ ਵਿੱਚ ਪੈ ਸਕਦਾ ਹੈ। ਇਨ੍ਹਾਂ ਕੰਮਾਂ ਲਈ ਉਨ੍ਹਾਂ ਤੋਂ ਪੈਸੇ ਲਏ ਜਾ ਰਹੇ ਹਨ।

**1445/Tarlochan Singh/Monika sharma**

ਸੋ, ਲੋਕਾਂ ਦੇ ਸਾਹਮਣੇ ਜੇ ਡਿਬੇਟ ਹੋਵੇਗੀ ਤਾਂ ਸਾਰੀਆਂ ਗੱਲਾਂ ਕਲੀਅਰ ਹੋਣਗੀਆਂ। ਲੋਕਾਂ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਕਿੱਥੇ ਪ੍ਰੋਬਲਮ ਹੈ ਤੇ ਸਰਕਾਰ sincere ਹੈ ਜਾਂ ਨਹੀਂ। ਇਹ ਬੜਾ ਹੀ ਗੰਭੀਰ ਮਸਲਾ ਹੈ ਕਿਉਂਕਿ ਰਾਜਸਥਾਨ ਵਿੱਚ, ਮਾਲਵੇ ਵਿੱਚ ਲੋਕ ਇਸ ਪਾਣੀ ਨੂੰ ਪੀਂਦੇ ਹਨ ਤੇ ਅੱਜ ਇਹ ਪਾਣੀ ਕੈਂਸਰ ਤੇ ਹੋਰ ਗੰਭੀਰ ਬਿਮਾਰੀਆਂ ਲੱਗਣ ਦਾ ਕਾਰਨ ਹੈ। ਇਹ ਬੁੱਢਾ ਨਾਲਾ ਮੇਰੇ ਇਲਾਕੇ ਵਿੱਚੋਂ ਜਾਂਦਾ ਹੈ ਇਸ ਲਈ ਜ਼ਰੂਰ ਇਸ ਤੇ ਡਿਬੇਟ ਕਰਵਾਈ ਜਾਵੇ।

**ਮਾਣਯੋਗ ਸਪੀਕਰ**: ਬਿਲਕੁਲ agreed, ਮੇਰੀ ਇੱਕ ਬੇਨਤੀ ਹੈ ਕਿ ਵਿਧਾਨ ਸਭਾ ਦੀ ਕਮੇਟੀ ਕੋਲ ਉੱਨੀਆਂ ਹੀ ਸ਼ਕਤੀਆਂ ਹਨ ਜਿੰਨੀਆਂ ਇਸ ਅਜ਼ੀਮ ਸਦਨ ਕੋਲ ਹਨ। ਸੋ, ਕਿਰਪਾ ਕਰਕੇ ਉਸ ਕਮੇਟੀ ਤੋਂ ਸਿਫਾਰਸ਼ਾਂ ਕਰਵਾਓ, ਉਨ੍ਹਾਂ ਸਿਫਾਰਸ਼ਾਂ ਨੂੰ ਲਾਗੂ ਕਰਵਾਉਣਾ ਇਸ ਸਦਨ ਦਾ ਕੰਮ ਹੈ। ਤੁਸੀਂ ਕਮੇਟੀ ਤੋਂ ਸਿਫਾਰਸ਼ ਕਰਵਾਓ।

**ਡਾਕਟਰ ਇੰਦਰਬੀਰ ਸਿੰਘ ਨਿੱਜਰ (ਅੰਮ੍ਰਿਤਸਰ ਦੱਖਣੀ)**: ਮਿਹਰਬਾਨੀ ਸਪੀਕਰ ਸਾਹਿਬ, ਅੰਮ੍ਰਿਤਸਰ ਦਾ ਇੱਕ ਬੜਾ ਹੀ ਗੰਭੀਰ ਮਸਲਾ ਹੈ ਕਿ ਜਿਹੜੇ ਯਾਤਰੂ/ਸ਼ਰਧਾਲੂ ਸ੍ਰੀ ਹਰਿਮੰਦਰ ਸਾਹਿਬ ਦਰਸ਼ਨ ਕਰਨ ਆਉਂਦੇ ਹਨ ਤਾਂ ਉਨ੍ਹਾਂ ਵਾਸਤੇ ਸਰਕਾਰ ਵੱਲੋਂ ਪਾਰਕਿੰਗ ਬਣਾਈ ਗਈ ਸੀ। ਉੱਥੇ ਇੱਕ ਸਾਰਾਗੜ੍ਹੀ ਸਕੂਲ ਹੁੰਦਾ ਸੀ ਜੋ ਕਿ 12 ਸਤੰਬਰ, 1897 ਵਿੱਚ ਸ਼ਹੀਦ ਹੋਏ 22 ਜਵਾਨ ਜਿਨ੍ਹਾਂ ਨੂੰ ਵਿਕਟੋਰੀਆ ਕਰਾਸ ਅਵਾਰਡ ਮਿਲਿਆ ਸੀ ਅਤੇ ਉਨ੍ਹਾਂ ਦੀ ਯਾਦ ਵਿੱਚ ਉੱਥੇ ਸਕੂਲ ਬਣਿਆ ਸੀ ਲੇਕਿਨ ਉਸ ਸਕੂਲ ਨੂੰ ਤੋੜ ਕੇ ਉੱਥੇ ਪਾਰਕਿੰਗ ਬਣਾਈ ਗਈ ਸੀ। ਮੈਂ ਇਹ ਮੁੱਦਾ ਤੁਹਾਡੇ ਮਾਧਿਅਮ ਰਾਹੀਂ ਸਰਕਾਰ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਉਸ ਪਾਰਕਿੰਗ ਦਾ ਠੇਕਾ ਬੜੇ ਸਾਲਾਂ ਤੋਂ ਇੱਕੋ ਹੀ ਬੰਦੇ ਕੋਲ ਹੈ। ਪਿਛਲੀ ਵਾਰ ਵੀ ਜਦੋਂ ਠੇਕਾ ਲੱਗਿਆ ਤਾਂ ਉਸ ਬੰਦੇ ਨੇ ਦੂਜੇ ਨੰਬਰ ਤੇ ਆਪਣਾ ਨਾਂਅ ਰਖਾ ਲਿਆ ਤੇ ਪਹਿਲਾ ਬੰਦਾ ਬੈਕਆਊਟ ਕਰ ਗਿਆ ਤੇ ਫਿਰ ਠੇਕਾ ਉਸੇ ਬੰਦੇ ਕੋਲ ਚਲਾ ਗਿਆ। ਹੁਣ ਸਮੱਸਿਆ ਇਹ ਹੈ ਕਿ ਸਾਡੇ ਸ਼ਰਧਾਲੂ ਦੂਰੋਂ ਆਉਂਦੇ ਹਨ ਤੇ ਉੱਥੇ toilets non functional ਹਨ ਤੇ ਉਨ੍ਹਾਂ ਲੋਕਾਂ ਨੂੰ ਬਾਹਰ ਬੈਠ ਕੇ ਹੀ ਆਪਣੇ ਆਪ ਨੂੰ ease ਕਰਨਾ ਪੈਂਦਾ ਹੈ। ਦੂਜਾ, ਉੱਥੇ ਲਿਫਟਾਂ ਖਰਾਬ ਹਨ ਤੇ ਉਸ ਬੰਦੇ ਨੇ ਆਪਣੀਆਂ ਬੈਟਰੀ

ਆਪਰੇਟਿਡ ਗੱਡੀਆਂ ਲਗਾਈਆਂ ਹੋਈਆਂ ਹਨ ਜੋ ਕਿ ਪੰਜ-ਛੇ ਸੌ ਰੁਪਏ ਬੇਸਮੈਂਟ ਵਿੱਚੋਂ ਬਾਹਰ ਆਉਣ ਲਈ ਲੈਂਦੇ ਹਨ। ਉੱਥੇ ਪੂਰੀ ਗੁੰਡਾਗਰਦੀ ਚੱਲ ਰਹੀ ਹੈ। ਇਹ ਪਾਰਕਿੰਗ ਪੁੱਡਾ ਅਧੀਨ ਆਉਂਦੀ ਹੈ, ਕਾਰਪੋਰੇਸ਼ਨ ਅਧੀਨ ਨਹੀਂ ਆਉਂਦੀ ਹੈ। ਸੋ, ਮੰਤਰੀ ਸਾਹਿਬ ਨੂੰ ਬੇਨਤੀ ਹੈ ਕਿ ਇਸ ਵੱਲ ਧਿਆਨ ਦੇ ਕੇ ਇਹੋ ਜਿਹੇ ਬੰਦਿਆਂ ਨੂੰ ਬਾਹਰ ਕੱਢਿਆ ਜਾਵੇ ਜਾਂ ਐਸ.ਜੀ.ਪੀ.ਸੀ. ਨਾਲ ਕੰਸਲਟੇਸ਼ਨ ਕਰਕੇ ਚੈਰੀਟੇਬਲ ਤਰੀਕੇ ਨਾਲ ਪਾਰਕਿੰਗ ਫਰੀ ਕਰ ਦਿੱਤੀ ਜਾਵੇ ਲੇਕਿਨ ਉੱਥੇ ਮੇਨਟੇਨੈਂਸ ਕਰਨੀ ਬੜੀ ਲਾਜ਼ਮੀ ਹੈ ਕਿਉਂਕਿ ਸ਼ਰਧਾਲੂਆਂ ਨੂੰ ਉਸ ਪਾਰਕਿੰਗ ਦੀਆਂ ਬਹੁਤ ਮੁਸ਼ਕਿਲਾਂ ਆ ਰਹੀਆਂ ਹਨ।

**ਸਰਦਾਰ ਤਰੁਨਪ੍ਰੀਤ ਸਿੰਘ ਸੌਂਦ (ਖੰਨਾ)**: ਮਾਣਯੋਗ ਸਪੀਕਰ ਸਾਹਿਬ, ਬਹੁਤ-ਬਹੁਤ ਧੰਨਵਾਦ। ਸਪੀਕਰ ਸਾਹਿਬ, ਮੈਂ ਖੰਨਾ ਹਲਕੇ ਨੂੰ ਰਿਪ੍ਰੈਜ਼ੈਂਟ ਕਰਦਾ ਹਾਂ ਉਸ ਵਿੱਚ ਸਾਡੇ ਕੋਲ 07 ਬਹੁਤ ਵੱਡੀਆਂ ਇਮਾਰਤਾਂ ਲਈ ਇੱਕ ਮੈਨੇਜਮੈਂਟ ਹੈ, ਏ.ਐਸ.ਹਾਈ ਸਕੂਲ, ਖੰਨਾ ਟਰੱਸਟ ਐਂਡ ਮੈਨੇਜਮੈਂਟ ਸੁਸਾਇਟੀ ਜਿਸ ਵਿੱਚ 07 ਇੰਸਟੀਟਿਊਟ ਚੱਲ ਰਹੇ ਹਨ ਅਤੇ ਇਸ ਵਿੱਚੋਂ 01 ਇਮਾਰਤ ਬਹੁਤ ਵਧੀਆ ਅਤਿ ਆਧੁਨਿਕ ਇਮਾਰਤ ਜਿਸ ਵਿੱਚ ਪਲੇਗਰਾਊਂਡ ਅਤੇ ਹੋਰ ਵੀ ਸਾਰਾ ਕੁਝ ਮੌਜੂਦ ਹੈ, ਉਹ ਇਮਾਰਤ ਖਾਲੀ ਪਈ ਹੈ। ਮੇਰੀ ਤੁਹਾਡੇ ਜ਼ਰੀਏ ਬੇਨਤੀ ਹੈ ਕਿ ਜੇਕਰ ਸਾਨੂੰ ਉਸ ਇਮਾਰਤ ਵਿੱਚ ਨਰਸਿੰਗ ਕਾਲਜ ਮਿਲ ਜਾਵੇ ਤਾਂ ਚੰਗਾ ਹੋਵੇਗਾ ਕਿਉਂਕਿ ਸਾਡੇ ਕੋਲ ਇਨਫਰਾਸਟ੍ਰਕਚਰ ਵੀ ਤਿਆਰ ਹੈ ਤੇ ਸਾਡੀਆਂ ਬੱਚੀਆਂ ਨੂੰ ਵੀ ਬਹੁਤ ਵੱਡੀ ਸੁਵਿਧਾ ਮਿਲ ਸਕਦੀ ਹੈ।

**ਸ੍ਰੀ ਅਜੈ ਗੁਪਤਾ (ਅੰਮ੍ਰਿਤਸਰ ਕੇਂਦਰੀ)**: ਮਾਣਯੋਗ ਸਪੀਕਰ ਸਾਹਿਬ, ਸਭ ਤੋਂ ਪਹਿਲਾਂ ਬਹੁਤ-ਬਹੁਤ ਧੰਨਵਾਦ ਕਿ ਤੁਸੀਂ ਇਸ ਮੁਕੱਦਸ ਹਾਊਸ ਵਿੱਚ ਬੋਲਣ ਦਾ ਸਮਾਂ ਦਿੱਤਾ ਹੈ। ਮੈਂ ਇਸ ਹਾਊਸ ਦਾ ਧਿਆਨ ਆਪਣੇ ਹਲਕੇ ਅੰਮ੍ਰਿਤਸਰ ਕੇਂਦਰੀ ਵਿੱਚ ਜਿਹੜੀਆਂ ਲੋਕਾਂ ਨੂੰ ਮੁਸ਼ਕਿਲਾਂ ਆ ਰਹੀਆਂ ਹਨ ਵੱਲ ਦਿਵਾਉਣਾ ਚਾਹੁੰਦਾ ਹਾਂ। ਉਸ ਵਿੱਚ ਸੈਨੀਟੇਸ਼ਨ ਦਾ ਇੱਕ ਅਹਿਮ ਮੁੱਦਾ ਹੈ। ਸਾਲ 2016 ਵਿੱਚ ਇਹ ਕੰਟਰੈਕਟ ਪ੍ਰਾਈਵੇਟ ਕੰਪਨੀ Averda ਨੂੰ ਕੰਟਰੈਕਟ ਦਿੱਤਾ ਗਿਆ ਸੀ ਤੇ ਹੁਣ ਇਹ ਕੰਪਨੀ ਇਸ ਵੇਲੇ ਅੰਮ੍ਰਿਤਸਰ ਵਿੱਚ ਪੂਰੀ ਤਰ੍ਹਾਂ ਫੇਲ੍ਹ ਹੈ। ਸੈਂਟਰਲ ਹਲਕਾ ਜਿੱਥੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵੀ ਹੈ, ਉੱਥੇ ਜਗ੍ਹਾ-ਜਗ੍ਹਾ ਤੇ ਕੂੜੇ ਦੇ ਢੇਰ ਲੱਗੇ ਹਨ ਔਰ ਇਸ ਕੰਪਨੀ ਨੂੰ ਕਾਫੀ ਵਾਰਨਿੰਗਜ਼ ਵੀ ਦਿੱਤੀਆਂ ਗਈਆਂ ਤੇ ਇਨ੍ਹਾਂ ਨਾਲ ਕਾਫੀ ਮੀਟਿੰਗਾਂ ਵੀ ਕੀਤੀਆਂ ਗਈਆਂ ਪਰ ਇਸ ਕੰਪਨੀ ਤੇ ਕੋਈ ਅਸਰ ਨਹੀਂ ਹੈ।

**1450/mehak/Shubham jain**

ਇਸ ਕੰਪਨੀ ਨੂੰ ਕਿਸੇ ਦੀ ਪਰਵਾਹ ਨਹੀਂ ਹੈ ਅਤੇ ਨਾ ਹੀ ਕਿਸੇ ਦਾ ਡਰ ਹੈ। ਮੈਂ ਚਾਹੁੰਦਾ ਹਾਂ ਕਿ ਜਿਹੜਾ Averda ਕੰਪਨੀ ਦੇ ਨਾਲ ਕੰਟਰੈਕਟ ਕੀਤਾ ਹੋਇਆ ਹੈ, ਇਹ ਬਿਨਾਂ ਕਿਸੇ ਦੇਰੀ ਦੇ ਇਮਜੀਏਟਲੀ ਰੱਦ ਕੀਤਾ ਜਾਵੇ ਤਾਂ ਜੋ ਅੰਮ੍ਰਿਤਸਰ ਸ਼ਹਿਰ, ਜਿਹੜਾ ਪਵਿੱਤਰ ਸ਼ਹਿਰ ਹੈ, ਗੁਰੂਆਂ-ਪੀਰਾਂ, ਪੈਗੰਬਰਾਂ ਦਾ ਸ਼ਹਿਰ ਹੈ, ਇਸ ਸ਼ਹਿਰ ਦੇ ਇੱਕ ਲੱਖ ਸ਼ਰਧਾਲੂ ਨਤਮਸਤਕ ਹੋਣ ਲਈ ਗੁਰਦੁਆਰਾ ਸਾਹਿਬ ਵਿਖੇ ਆਉਂਦੇ ਹਨ। ਉਹ ਉਥੋਂ ਕੀ ਮੈਸੇਜ ਲੈ ਕੇ ਜਾਂਦਾ ਹੋਵੇਗਾ, ਇਹ ਤੁਸੀਂ ਖੁਦ ਹੀ ਭਲੀਭਾਂਤ ਜਾਣਦੇ ਹੋ। ਸੋ, ਮੇਰੀ ਇਸ ਮੁਕੱਦਸ ਹਾਊਸ ਵਿੱਚ ਬੇਨਤੀ ਹੈ ਕਿ ਇਸ ਕੰਪਨੀ ਨੂੰ penalize ਕਰਕੇ, ਪੈਨੇਲਿਟੀ ਲਗਾਈ ਜਾਵੇ। ਇਸ ਕੰਪਨੀ ਵੱਲੋਂ ਕਾਰਪੋਰੇਸ਼ਨ ਨਾਲ ਦੋ ਕੰਪੋਨੈਂਟ ਵਿੱਚ ਐਮ.ਓ.ਯੂ. ਸਾਈਨ ਕੀਤਾ ਸੀ। ਪਹਿਲਾਂ ਕੁਲੈਕਸ਼ਨ ਐਂਡ ਟਰਾਂਸਪੋਟੇਸ਼ਨ ਅਤੇ ਦੂਸਰਾ ਪ੍ਰੋਸੈਸਿੰਗ ਐਂਡ ਡਿਸਪੋਜ਼ਲ ਕੰਪੋਨੈਂਟ ਸੀ। ਦੋਨੋਂ ਕੰਪੋਨੈਂਟ ਇਸ ਕੰਪਨੀ ਵੱਲੋਂ ਪੂਰੇ ਨਹੀਂ ਕੀਤੇ ਗਏ ਹਨ। 100% ਜਿਹੜੀ ਡੋਰ ਟੂ ਡੋਰ ਗਾਰਬੇਜ਼ ਦੀ

ਕੁਲੈਕਸ਼ਨ ਕਰਨੀ ਸੀ, ਉਹ ਬਿਲਕੁਲ ਨਹੀਂ ਕੀਤੀ ਗਈ। ਅੱਜ ਅੰਮ੍ਰਿਤਸਰ ਸ਼ਹਿਰ ਵਿੱਚ ਤ੍ਰਾਈ-ਤ੍ਰਾਈ ਹੋ ਰਹੀ ਹੈ। ਸਰ, ਮੇਰੀ ਬੇਨਤੀ ਹੈ ਕਿ ਇਸ ਨੂੰ ਸੀਰੀਅਸਲੀ ਲਿਆ ਜਾਵੇ ਅਤੇ ਇਸ ਕੰਪਨੀ ਦਾ ਕੰਟਰੈਕਟ ਕੈਂਸਲ ਕੀਤਾ ਜਾਵੇ। ਸਪੀਕਰ ਸਾਹਿਬ, ਇੱਕ ਹੋਰ ਬੜਾ ਅਹਿਮ ਮੁੱਦਾ ਅੰਮ੍ਰਿਤਸਰ ਦਾ ਹੈ।

**ਮਾਣਯੋਗ ਸਪੀਕਰ**: ਆਪਾਂ ਹੋਰ ਮੈਂਬਰ ਸਾਹਿਬਾਨ ਨੂੰ ਵੀ ਟਾਈਮ ਦੇ ਦੇਈਏ। ਤੁਹਾਡੇ ਕੋਲ ਹੋਰ ਵੀ ਟਾਈਮ ਹੋਵੇਗਾ। ਤੁਸੀਂ ਫਿਰ ਬੋਲ ਲੈਣਾ। ਹਾਂ ਜੀ, ਸਰਦਾਰ ਕੁਲਵੰਤ ਸਿੱਧੂ ਜੀ।

**ਸਰਦਾਰ ਕੁਲਵੰਤ ਸਿੰਘ ਸਿੱਧੂ (ਆਤਮਨਗਰ)**: ਧੰਨਵਾਦ ਸਪੀਕਰ ਸਾਹਿਬ, ਤੁਸੀਂ ਸਮਾਂ ਦਿੱਤਾ ਹੈ। ਜਦੋਂ ਕੋਈ ਮੈਂਬਰ ਕਹਿੰਦਾ ਹੈ ਕਿ ਮੈਂ ਬੇਨਤੀ ਕਰਦਾ ਹੈ ਤਾਂ ਆਪ ਜੀ ਹੁਕਮ ਦਿੰਦੇ ਹੋ ਕਿ ਬੇਨਤੀ ਨਹੀਂ ਸਵਾਲ ਕਰੋ। ਸਪੀਕਰ ਸਾਹਿਬ, ਮੈਂ ਇਸ ਤੋਂ ਪਹਿਲਾਂ ਸਦਨ ਵਿੱਚ ਦੋ ਵਾਰੀ ਬੇਨਤੀ ਕਰ ਚੁੱਕਾ ਹਾਂ ਅਤੇ ਮੈਂ ਜਿਸ ਹਲਕੇ ਦੀ ਨੁਮਾਇੰਗੀ ਕਰਦਾ ਹਾਂ, ਉਹ ਇੰਡਸਟਰੀ ਏਰੀਆ ਹੈ। ਸਪੀਕਰ ਸਾਹਿਬ, ਉੱਥੇ ਇੱਕ ਮਿਕਸ ਲੈਂਡ ਯੂਜ਼ ਦਾ ਮੁੱਦਾ ਹੈ। ਜਦੋਂ ਦੋ ਧਿਰਾਂ ਲੜਦੀਆਂ ਹਨ ਤਾਂ ਫੈਸਲਾ ਲੈਣਾ ਬਹੁਤ ਔਖਾ ਹੁੰਦਾ ਹੈ ਪਰੰਤੂ ਉਥੇ ਕੋਈ ਧਿਰ ਵੀ ਨਹੀਂ ਹੈ। ਸਪੀਕਰ ਸਾਹਿਬ, ਲੋਕ ਚਾਹੁੰਦੇ ਹਨ ਕਿ ਜਿਹੜਾ ਇੰਡਸਟਰੀ ਏਰੀਆ ਹੈ, ਉਹ ਇਸੇ ਤਰ੍ਹਾਂ ਹੀ ਚੱਲਦਾ ਰਹੇ ਕਿਉਂਕਿ ਲੋਕਾਂ ਦੇ 50-50 ਅਤੇ 100-100 ਗਜ਼ ਦੇ ਉੱਪਰ-ਨੀਚੇ ਮਕਾਨ ਬਣੇ ਹੋਏ ਹਨ। ਮੈਂ ਮੁੱਖ ਮੰਤਰੀ ਸਾਹਿਬ ਨੂੰ ਵੀ ਬੇਨਤੀ ਕੀਤੀ ਸੀ ਅਤੇ ਉਨ੍ਹਾਂ ਨੇ ਤਿੰਨ ਸਾਲ ਦੀ ਐਕਸਟੇਸ਼ਨ ਦਿੱਤੀ ਸੀ। ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਦੁਬਾਰਾ ਸਰਵੇ ਕਰਵਾ ਕੇ, ਉਸ ਨੂੰ ਇੰਡਸਟਰੀ ਏਰੀਆ ਘੋਸ਼ਿਤ ਕੀਤਾ ਜਾਵੇ ਤਾਂ ਜੋ ਲੰਮੇ ਸਮੇਂ ਤੋਂ ਜਿਹੜੇ ਕਾਰਖਾਨੇਦਾਰ ਵੀਰ ਪੰਜਾਬ ਦੀ ਉੱਨਤੀ ਵਿੱਚ ਯੋਗਦਾਨ ਪਾ ਰਹੇ ਹਨ, ਉਨ੍ਹਾਂ ਨੂੰ ਹੋਰ ਕੰਮ ਕਰਨ ਦਾ ਮੌਕਾ ਮਿਲੇ। ਜੇਕਰ ਸਾਡਾ ਕਾਰਖਾਨੇਦਾਰ ਖੁਸ਼ ਹੈ ਤਾਂ ਹੀ ਪੰਜਾਬ ਖੁਸ਼ ਹੈ। ਇਸ ਨਾਲ ਖੁਸ਼ਹਾਲੀ ਆਵੇਗੀ। ਸਪੀਕਰ ਸਾਹਿਬ, ਇੱਕ ਬੇਨਤੀ ਹੋਰ ਕਰਦਾ ਹਾਂ। ਮੈਂ ਆਪਣੇ ਅੰਬੇਡਕਰ ਨਗਰ ਦਾ ਮੁੱਦਾ ਵੀ ਚੁੱਕਿਆ ਸੀ, ਉਥੇ ਵੀ ਇਹੀ ਪੁਜ਼ੀਸ਼ਨ ਹੈ। ਸਾਹਮਣੇ ਕੋਈ ਧਿਰ ਨਹੀਂ ਹੈ। 40-40 ਸਾਲ, 50-50 ਸਾਲ ਤੋਂ ਲੋਕ ਇਸ ਨਗਰ ਵਿੱਚ ਰਹਿ ਰਹੇ ਹਨ, ਉਨ੍ਹਾਂ ਨੂੰ ਮਾਲਕਾਨਾ ਹੱਕ ਦਿੱਤੇ ਜਾਣ ਤਾਂ ਕਿ ਜਿਹੜੇ ਲੋਕ ਬਜ਼ੁਰਗ ਹੋ ਚੁੱਕੇ ਹਨ, ਜੇਕਰ ਉਹ ਘਰ ਆਪਣੇ ਧੀਆਂ-ਪੁੱਤਰਾਂ ਦੇ ਨਾਮ ਕਰਨਾ ਚਾਹੁੰਦਾ ਹੈ, ਉਹ ਕਰ ਸਕੇ। ਜੇਕਰ ਉਹ ਲੋਨ ਲੈਣਾ ਚਾਹੁੰਦੇ ਹਨ ਤਾਂ ਉਹ ਲੋਨ ਲੈ ਸਕਣ। ਮੈਂ ਤੁਹਾਡੇ ਮਾਧਿਆਮ ਰਾਹੀਂ ਮੁੱਖ ਮੰਤਰੀ ਸਾਹਿਬ ਨੂੰ ਦੂਸਰੀ ਵਾਰੀ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇਸ ਮੰਗ ਨੂੰ ਪ੍ਰਵਾਨ ਕੀਤਾ ਜਾਵੇ ਅਤੇ ਮੇਰੇ ਹਲਕੇ ਨੂੰ ਮਾਣ ਦਿੱਤਾ ਜਾਵੇ।

**ਸਰਦਾਰ ਪਰਗਟ ਸਿੰਘ ਪੋਆਰ (ਬੈਠੇ-ਬੈਠੇ)**: ਇੱਧਰ ਵੀ ਧਿਆਨ ਕਰ ਲਓ ਜੀ।

**ਸ਼੍ਰੀ ਗੁਰਲਾਲ ਘਨੌਰ (ਘਨੌਰ)**: ਪਰਗਟ ਜੀ, ਇੱਕ ਮਿੰਟ ਜੀ। ਮੈਂ ਗੱਲ ਕਰਨ ਲੱਗਾ ਹਾਂ ਜੀ। ਸਪੀਕਰ ਸਾਹਿਬ, ਪੰਜਾਬ ਵਿਧਾਨ ਸਭਾ ਦੀਆਂ ਵੱਖ-ਵੱਖ ਕਮੇਟੀਆਂ ਬਣੀਆਂ ਹੋਈਆਂ ਹਨ। ਮੇਰੀ ਬੇਨਤੀ ਹੈ ਕਿ ਪੰਜਾਬ ਵਿਧਾਨ ਸਭਾ ਵਿੱਚ ਵੀ ਖੇਡ ਕਮੇਟੀ ਬਣਾਉਣੀ ਚਾਹੀਦੀ ਹੈ। (ਥੰਪਿੰਗ) ਜੇਕਰ ਤਾੜੀ ਮਾਰਨ ਲੱਗੇ ਹੋ ਤਾਂ ਗੱਡ ਕੇ ਮਾਰ ਦਿਓ। (ਥੰਪਿੰਗ) ਜਿਹੜੇ ਹੱਕ ਵਿੱਚ ਹਨ, ਉਹ ਤਾੜੀ ਵਜਾ ਦਿਓ। ਪਰਗਟ ਸਿੰਘ ਜੀ, ਤੁਸੀਂ ਵੀ ਤਾੜੀ ਵਜਾ ਦਿਓ ਜੀ। ਪਰਗਟ ਜੀ, ਕੀ ਕਮੇਟੀ ਬਣਾ ਦੇਈਏ। (ਸਰਦਾਰ ਪਰਗਟ ਸਿੰਘ ਪੋਆਰ ਵੱਲੋਂ ਹਾਂ ਵਿੱਚ ਇਸ਼ਾਰਾ ਕੀਤਾ ਗਿਆ) ਸਪੀਕਰ ਸਾਹਿਬ, ਬਣਾ ਦਿਓ ਜੀ। ਬੇਨਤੀ ਹੈ ਜੀ। ਦੂਸਰਾ, ਜਿਹੜੀਆਂ ਸਾਡੀਆਂ ਖੇਡ ਫੈਡਰੇਸ਼ਨਾਂ ਪੰਜਾਬ ਦੀਆਂ ਹਨ, ਸਾਡੇ ਉਸ ਸਮੇਂ ਦੇ

ਸਪੋਰਟਸ ਮਨਿਸਟਰ ਮੀਤ ਹੇਅਰ ਜੀ ਨੇ ਸਪੋਰਟਸ ਕੋਡ ਲਾਗੂ ਕਰਨ ਲਈ ਸਿਫਾਰਸ਼ ਕੀਤੀ ਸੀ, ਜੋ ਕਿ ਮੁੱਖ ਮੰਤਰੀ ਸਾਹਿਬ ਕੋਲ ਪਈ ਹੈ। ਜਿਹੜੇ 70 ਸਾਲ ਤੋਂ ਜ਼ਿਆਦਾ ਉਮਰ ਦੇ ਹਨ, ਉਹ ਸੈਕਟਰੀ ਅਤੇ ਪ੍ਰਧਾਨ ਨਹੀਂ ਲੱਗ ਸਕਦੇ। ਦੂਸਰਾ, ਜਿਹੜੀਆਂ ਖੇਡ ਸੰਸਥਾਵਾਂ ਹਨ, ਚਾਹੇ ਉਹ ਪੰਜਾਬ ਦੇ ਸੈਕਟਰੀ ਹਨ ਜਾਂ ਪ੍ਰਧਾਨ ਹਨ, ਉਹ ਜ਼ਿਆਦਾ ਤੋਂ ਜ਼ਿਆਦਾ ਸਾਡੇ ਚੰਗੇ ਉਲੰਪਿਅਨ ਅਰਜੁਨ ਐਵਾਰਡੀ ਖਿਡਾਰੀ ਬਣਾਉਣੇ ਚਾਹੀਦੇ ਹਨ ਤਾਂ ਕਿ ਉਹ ਸਭ ਪਾਰਦਰਸ਼ੀ ਢੰਗ ਨਾਲ ਚੱਲ ਸਕਣ। ਜੇ ਪੰਜਾਬ ਦੀ ਚੋਣ ਹੁੰਦੀ ਹੈ ਅਤੇ ਸਪੋਰਟਸ ਕੋਡ ਜਲਦੀ ਲਾਗੂ ਕਰਦੇ ਹਾਂ

**1455/Manika Rani/Shubham jain**

ਤਾਂ ਜਿਹੜਾ ਸੈਕਟਰੀ ਹੈ ਉਹ ਦੋ ਵਾਰੀ ਅਤੇ ਪ੍ਰਧਾਨ 3 ਵਾਰੀ ਬਣਦਾ ਹੈ। ਸੋ, ਮੇਰੀ ਬੇਨਤੀ ਹੈ ਕਿ ਸਪੋਰਟਸ ਨੂੰ ਹੋਰ ਵੀ ਉੱਪਰ ਲੈ ਕੇ ਜਾਣ ਲਈ ਸਭ ਦੇ ਸਹਿਯੋਗ ਨਾਲ ਵਿਧਾਨ ਸਭਾ ਵਿੱਚ ਇੱਕ ਸਪੋਰਟਸ ਕਮੇਟੀ ਬਣਾ ਲਈਏ ਅਤੇ ਜਿਵੇਂ ਸਾਡੇ ਮੁੱਖ ਮੰਤਰੀ ਸਾਹਿਬ ਦਾ ਸੁਪਨਾ ਹੈ ਕਿ ਜਿਹੜੇ ਸਾਡੇ ਓਲੰਪੀਅਨ ਅਰਜਨ ਐਵਾਰਡੀ, ਇਨ੍ਹਾਂ ਨੂੰ ਵੱਖ ਵੱਖ ਖੇਡ ਸੰਸਥਾਵਾਂ ਅਤੇ ਫੈਡਰੇਸ਼ਨਾਂ ਦੇ ਪ੍ਰਧਾਨ, ਸੈਕਟਰੀ ਅਤੇ ਜ਼ਿਲ੍ਹਿਆਂ ਦੇ ਪ੍ਰਧਾਨ ਸੈਕਟਰੀ ਲਗਾਇਆ ਜਾਵੇ ਅਤੇ ਮੈਂ ਮਾਫੀ ਵੀ ਮੰਗਦਾ ਹਾਂ ਕਿ 80-80 ਅਤੇ 90-90 ਸਾਲ ਦੇ ਬਾਬੇ ਸੰਸਥਾਵਾਂ ਦੇ ਮੁਖੀ ਬਣੇ ਬੈਠੇ ਹਨ। ਸੋ, ਮੇਰੀ ਬੇਨਤੀ ਹੈ ਕਿ ਆਪਾਂ ਨਵੇਂ ਸਪੋਰਟਸਮੈਨਾਂ ਨੂੰ ਜਿਹੜੇ ਅੱਜ ਦੇ ਪਲੇਅਰ ਹਨ ਜਾਂ ਰਿਟਾਇਰੀ ਪਲੇਅਰ ਹਨ, ਉਨ੍ਹਾਂ ਸਾਰਿਆਂ ਨੂੰ ਇਨ੍ਹਾਂ ਸੰਸਥਾਵਾਂ ਦੇ ਪ੍ਰਧਾਨ ਸੈਕਟਰੀ ਲਗਾਏ ਜਾਣ। ਜਿਵੇਂ ਓਲੰਪਿਕ ਵਿੱਚ ਸਾਡੀ ਭੈਣ ਫੋਗਾਟ ਦੇ ਨਾਲ ਹੋਇਆ ਹੈ ਅਜਿਹਾ ਪੰਜਾਬ ਦੇ ਕਿਸੇ ਹੋਰ ਬੱਚੇ ਨਾਲ ਇਸ ਤਰ੍ਹਾਂ ਦਾ ਧੱਕਾ ਨਾ ਹੋਵੇ। ਸੋ, ਮੇਰੀ ਬੇਨਤੀ ਹੈ ਕਿ ਵਿਧਾਨ ਸਭਾ ਵਿੱਚ ਇੱਕ ਖੇਡ ਕਮੇਟੀ ਜ਼ਰੂਰ ਬਣਾਈ ਜਾਵੇ।

**ਮਾਣਯੋਗ ਸਪੀਕਰ**:ਧੰਨਵਾਦ ਜੀ। ਸ੍ਰੀ ਸੰਦੀਪ ਜਾਖੜ ਜੀ।

**ਸ੍ਰੀ ਸੰਦੀਪ ਜਾਖੜ (ਅਬੋਹਰ)**:ਸਪੀਕਰ ਸਾਹਿਬ, ਹੁਣ ਇੱਥੇ ਕਮੇਟੀਆਂ ਦੀ ਗੱਲ ਚੱਲ ਰਹੀ ਹੈ। ਤੁਸੀਂ ਹੀ ਦੱਸਿਆ ਹੈ ਕਿ ਜਿਹੜੀਆਂ ਵਿਧਾਨ ਸਭਾ ਦੀਆਂ ਕਮੇਟੀਆਂ ਹਨ, ਜਿੰਨੀ ਪਾਵਰ ਆਪਣੇ ਹਾਊਸ ਦੀ ਹੈ ਓਨੀ ਹੀ ਪਾਵਰ ਇਨ੍ਹਾਂ ਕਮੇਟੀਆਂ ਦੀ ਵੀ ਹੈ। ਸਪੀਕਰ ਸਾਹਿਬ, ਜਿਹੜੇ ਆਪਣੇ ਕਿਸਾਨ ਭਰਾ ਅੱਜ ਚੰਡੀਗੜ੍ਹ ਧਰਨੇ ਤੇ ਬੈਠੇ ਹਨ, ਉਨ੍ਹਾਂ ਦੀ ਇੱਕ ਮੁੱਖ ਡਿਮਾਂਡ ਹੈ ਕਿ ਖੇਤੀਬਾੜੀ ਦੀ ਪਾਲਿਸੀ ਨੀਤੀ ਨੂੰ ਜਨਤਕ ਕੀਤਾ ਜਾਵੇ ਨਾ ਕਿ ਲਾਗੂ ਕਰੋ। ਸਪੀਕਰ ਸਾਹਿਬ, ਮੈਂ ਖੇਤੀਬਾੜੀ ਕਮੇਟੀ ਦਾ ਮੈਂਬਰ ਹਾਂ ਅਤੇ ਇੱਥੇ ਕਮੇਟੀ ਦੇ ਚੇਅਰਮੈਨ ਸਾਹਿਬ ਵੀ ਬੈਠੇ ਹਨ। ਤਿੰਨ ਮਹੀਨੇ ਹੋ ਗਏ ਹਨ, ਖੇਤੀਬਾੜੀ ਕਮੇਟੀ ਦੀ ਰਿਪੋਰਟ ਤਿਆਰ ਕਰਕੇ ਸਰਕਾਰ ਨੂੰ ਦਿੱਤੀ ਗਈ ਹੈ। ਜਥੇਬੰਦੀਆਂ ਕਹਿ ਰਹੀਆਂ ਹਨ ਕਿ ਇਸ ਰਿਪੋਰਟ ਨੂੰ ਜਨਤਕ ਕਰ ਦਿਓ। why it is kept secret. it should be a public document ਇਹ ਜਿਹੜੀ ਪਾਲਿਸੀ ਬਣਾਈ ਹੈ, ਇਹ ਸਭ ਨਾਲ ਵਿਚਾਰ ਵਟਾਂਦਰਾ ਕਰਕੇ ਬਣਾਈ ਗਈ ਹੈ। ਇਸ ਨੂੰ ਬਣਾਉਣ ਵਿੱਚ ਹੀ ਸਾਲ ਲੱਗ ਗਿਆ। ਅਸੀਂ ਪਾਲਿਸੀ ਬਣਾ ਵੀ ਦਿੱਤੀ ਹੈ ਪਰ ਉਸ ਨੂੰ ਜਨਤਕ ਕਿਉਂ ਨਹੀਂ ਕੀਤਾ ਜਾ ਰਿਹਾ। ਅਸੀਂ ਇਸ ਦੇ ਲਈ ਇੱਕ ਸਪੈਸ਼ਲ ਸੈਸ਼ਨ ਬੁਲਾਈਏ। ਇਸ ਤੇ ਚਰਚਾ ਕੀਤੀ ਜਾਵੇ। ਆਪਣੇ ਪੰਜਾਬ ਦਾ ਹਰੇਕ ਮੁੱਦਾ ਖੇਤੀਬਾੜੀ ਨਾਲ ਜੁੜਿਆ ਹੋਇਆ ਹੈ। ਇਸ ਨੂੰ ਡਿਸਕਸ ਕੀਤਾ ਜਾਵੇ। ਬਾਜਵਾ ਸਾਹਿਬ ਨੇ ਵੀ ਗੱਲ ਕੀਤੀ ਸੀ ਅਤੇ ਇਯਾਲੀ ਸਾਹਿਬ ਨੇ ਵੀ ਗੱਲ ਕੀਤੀ ਸੀ, so let us have a discussion over it, ਉਸ ਦਾ ਨਿਚੋੜ ਤਾ ਕੱਢੀਏ। ਇਯਾਲੀ ਸਾਹਿਬ, ਤੁਸੀਂ ਬੁੱਢਾ ਨਾਲਾ ਦੀ ਗੱਲ ਕੀਤੀ। ਮੈਂ ਉਸ ਕਮੇਟੀ ਦਾ ਵੀ ਮੈਂਬਰ ਹਾਂ। ਉੱਥੇ ਫੰਡਜ਼ ਦੀ ਕੋਈ ਵੀ

ਕਮੀ ਨਹੀਂ ਹੈ। ਜਿਹੜਾ ਐਮ.ਐਲ.ਏ. ਸਾਹਿਬ ਵੱਲੋਂ ਪੱਥਰ ਢਾਹਿਆ ਗਿਆ ਸੀ, ਉੱਥੇ ਪੈਸੇ ਦੀ ਘਾਟ ਨਹੀਂ ਹੈ। ਸੈਂਟਰ ਸਰਕਾਰ ਵੱਲੋਂ ਬਥੇਰੇ ਫੰਡਜ਼ ਆ ਰਹੇ ਹਨ। ਅਸੀਂ ਉਨ੍ਹਾਂ ਨੂੰ ਪਰਾਪਰ ਐਗਜ਼ੀਕਿਊਟ ਨਹੀਂ ਕਰ ਪਾ ਰਹੇ।

**ਮਾਣਯੋਗ ਸਪੀਕਰ**: ਧੰਨਵਾਦ ਜੀ। ਸਰਦਾਰ ਦਲਬੀਰ ਸਿੰਘ ਟੌਂਗ।

**ਸਰਦਾਰ ਦਲਬੀਰ ਸਿੰਘ ਟੌਂਗ (ਬਾਬਾ ਬਕਾਲਾ, ਐਸ.ਸੀ.)**: ਸਪੀਕਰ ਸਾਹਿਬ, ਤੁਹਾਡਾ ਬਹੁਤ ਬਹੁਤ ਧੰਨਵਾਦ। ਮੈਂ ਪਹਿਲਾਂ ਵੀ ਬੇਨਤੀ ਕੀਤੀ ਸੀ ਕਿ ਸਾਡੇ ਹਲਕਾ ਬਾਬਾ ਬਕਾਲਾ ਸਾਹਿਬ ਦੇ ਅਧੀਨ ਆਉਂਦੇ ਦਰਿਆ ਦੇ ਨਾਲ ਲੱਗਦੇ ਪਿੰਡਾਂ ਜਿਨ੍ਹਾਂ ਦੀ ਪਾਣੀ ਆਉਣ ਨਾਲ ਕਾਫੀ ਜ਼ਮੀਨ ਰੁੜ੍ਹ ਜਾਂਦੀ ਹੈ ਅਤੇ ਕਿਸਾਨਾਂ ਦਾ ਕਾਫੀ ਨੁਕਸਾਨ ਹੁੰਦਾ ਹੈ। ਉਨ੍ਹਾਂ ਨੂੰ ਸਪੱਰ ਲਗਾ ਕੇ ਅਤੇ ਪੱਥਰ ਲਗਾ ਕੇ ਕਿਸਾਨਾਂ ਦੀ ਰੁੜ੍ਹਦੀ ਜ਼ਮੀਨ ਨੂੰ ਬਚਾਇਆ ਜਾਵੇ। ਜਿਨ੍ਹਾਂ ਕਿਸਾਨਾਂ ਦੀਆਂ ਜ਼ਮੀਨਾਂ ਰੁੜ੍ਹੀਆਂ ਹਨ ਉਨ੍ਹਾਂ ਨੂੰ ਮੁਆਵਜ਼ਾ ਵੀ ਦਿੱਤਾ ਜਾਵੇ। ਧੰਨਵਾਦ ਜੀ।

**ਮਾਣਯੋਗ ਸਪੀਕਰ**: ਸਰਦਾਰ ਪਰਗਟ ਸਿੰਘ।

**ਸਰਦਾਰ ਪਰਗਟ ਸਿੰਘ ਪੋਆਰ ( ਜਲੰਧਰ ਛਾਉਣੀ)**: ਸਪੀਕਰ ਸਾਹਿਬ, ਧੰਨਵਾਦ ਜੀ। ਸਰ, ਦੋ ਛੋਟੇ ਛੋਟੇ ਇਸ਼ੂ ਹਨ। ਇੱਕ ਤਾਂ 63/15 ਐਫ.ਆਈ.ਆਰ ਹੈ ਜਿਸ ਵਿੱਚ ਡੇਰਾ ਮੁਖੀ ਰਾਮ ਰਹੀਮ ਨੂੰ ਨਾਮਜ਼ਦ ਕੀਤਾ ਹੋਇਆ ਹੈ। ਤੁਹਾਡੇ ਕੋਲ ਫਾਈਲ ਆਈ ਨੂੰ ਢਾਈ ਸਾਲ ਹੋ ਗਏ ਹਨ। ਸੀ.ਐਮ. ਸਾਹਿਬ being Home Minister ਤੁਹਾਡੀ ਇਹ ਜ਼ਿੰਮੇਵਾਰੀ ਬਣਦੀ ਹੈ। ਠੀਕ ਹੈ, ਅਖਬਾਰਾਂ ਵਿੱਚ ਤਾਂ ਬਹੁਤ ਕੁਝ ਆ ਜਾਂਦਾ ਹੈ ਪਰ ਅੱਜ ਮੈਂ ਵਿਧਾਨ ਸਭਾ ਵਿੱਚ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਸ ਵਿੱਚ ਕਿੱਥੇ ਸਮੱਸਿਆ ਹੈ ਕਿ ਪ੍ਰਾਸੀਕਿਊਸ਼ਨ ਸੈਂਕਸ਼ਨ ਵੀ ਨਹੀਂ ਦਿੱਤੀ ਜਾ ਰਹੀ। ਮੈਂ ਦੂਜੀ ਬੇਨਤੀ ਜੌੜਾਮਾਜਰਾ ਸਾਹਿਬ ਨੂੰ ਇਹ ਕਰਨੀ ਚਾਹੁੰਦਾ ਹਾਂ ਕਿ ਮੇਰੇ ਹਲਕੇ ਵਿੱਚ ਤਾਂ ਕੋਈ ਦਰਿਆ ਵੀ ਨਹੀਂ ਵਗਦਾ ਲੇਕਿਨ ਉੱਥੇ ਮਾਈਨਿੰਗ ਹੋ ਰਹੀ ਹੈ। ਸੀ.ਐਮ. ਸਾਹਿਬ ਵੀ ਉੱਥੇ ਜਾ ਕੇ ਰਹਿੰਦੇ ਰਹੇ ਹਨ। ਮੇਰਾ ਤਾਂ ਮਨ ਬਣਿਆ ਸੀ ਕਿ ਜਾ ਕੇ ਇਨ੍ਹਾਂ ਨੂੰ ਮਿਲਾਂ ਅਤੇ ਇਨ੍ਹਾਂ ਨੂੰ ਕਹਾਂ ਕਿ ਆ ਜਾਓ, ਮੈਂ ਪਾਲੀਟਿਕਸ ਨਹੀਂ ਕਰਨੀ ਚਾਹੁੰਦਾ। ਅਸੀਂ ਕਿਤੇ ਐਨਵਾਇਰਨਮੈਂਟ ਦੀ ਗੱਲ ਕਰਕੇ ਦੇਖਦੇ ਹਾਂ। 70-70 ਫੁੱਟ ਉੱਥੇ ਮਾਈਨਿੰਗ ਹੋ ਰਹੀ ਹੈ। ਉਨ੍ਹਾਂ ਨੂੰ ਉੱਥੇ ਜਾ ਕੇ ਕੋਈ ਵੀ ਪੁੱਛਣ ਵਾਲਾ ਨਹੀਂ ਹੈ। ਉਨ੍ਹਾਂ ਦੇ ਨਾਲ ਪੁਲਿਸ ਰਲੀ ਹੋਈ ਹੈ। ਉਨ੍ਹਾਂ ਦੇ ਨਾਲ ਸਿਵਲ ਐਡਮਨਿਸਟ੍ਰੇਸ਼ਨ ਰਲੀ ਹੋਈ ਹੈ। ਉਨ੍ਹਾਂ ਦੇ ਨਾਲ ਮਾਈਨਿੰਗ ਡਿਪਾਰਟਮੈਂਟ ਰਲਿਆ ਹੋਇਆ ਹੈ

**1500/Gurpreet kaur/Abhishek gautam**

ਮੈਂ ਪਿਛਲੀ ਵਾਰ ਮੰਤਰੀ ਸਾਹਿਬ ਨੂੰ ਬੇਨਤੀ ਕੀਤੀ ਸੀ ਤੇ ਮੰਤਰੀ ਜੀ ਨੇ ਕਿਹਾ ਸੀ ਕਿ ਇਹ ਕੰਮ ਅੱਜ ਹੀ ਹੋ ਜਾਵੇਗਾ ਪਰ ਪਰਨਾਲਾ ਅੱਜ ਵੀ ਉੱਥੇ ਦਾ ਉੱਥੇ ਹੀ ਹੈ ਅਤੇ ਕੰਮ ਵੀ ਉੱਥੇ ਦਾ ਉੱਥੇ ਹੀ ਖੜ੍ਹਾ ਹੈ। ਸਰ, ਬੇਸਿਕਲੀ ਗੱਲ ਸਿਰਫ ਇੰਨੀ ਕੁ ਹੀ ਹੈ ਕਿ ਬਦਨਾਮੀ ਸਾਡੀ ਸਭ ਦੀ ਹੀ ਹੋ ਰਹੀ ਹੈ, ਇਸ ਦੇ ਲਈ ਸਾਨੂੰ ਕਈ ਵਾਰ ਭੁਲੇਖਾ ਹੁੰਦਾ ਹੈ। ਸਮਾਂ ਲੰਘ ਰਿਹਾ ਹੈ, ਇਸ ਨੇ ਲੰਘੀ ਜਾਣਾ ਹੈ, ਸਮਾਂ ਕਿਸੇ ਦੇ ਲਈ ਰੁਕਦਾ ਨਹੀਂ ਹੈ। ਪਹਿਲਾਂ ਵੀ ਚੀਫ ਮਨਿਸਟਰ ਆਏ ਹਨ, ਜਿਹੜੇ ਪੰਜ-ਪੰਜ ਵਾਰੀ ਚੀਫ ਮਨਿਸਟਰ ਰਹੇ ਹਨ, ਉਹ ਵੀ ਬੜਾ ਕੁਝ ਸੋਚਦੇ ਸਨ। ਲੇਕਿਨ ਸਮਾਂ ਲੰਘ ਗਿਆ ਹੈ, ਇਹ ਗੱਲ ਅੱਜ ਵੀ ਸਾਰੇ ਪੰਜਾਬ ਦੇ ਅਤੇ ਸਾਡੇ ਸਾਰਿਆਂ ਦੇ ਗਲ਼ ਵਿੱਚ ਲਟਕਦੀ ਹੈ ਕਿ ਇਹ ਸਾਰੇ ਪਾਲੀਟੀਸ਼ੀਅਨ ਇੱਕੋ ਜਿਹੇ ਹੀ ਹਨ ਅਤੇ ਇੱਕੋ ਥਾਲੀ ਦੇ ਚੱਟੇ-ਬੱਟੇ ਹਨ। ਮੇਰੀ ਤੁਹਾਨੂੰ ਬੇਨਤੀ ਹੈ ਕਿ ਆਪਾਂ

ਇਸ ਤੇ ਕੋਈ ਸੀਰੀਅਸ ਐਕਸ਼ਨ ਲਈਏ। ਸੀ.ਐਮ. ਸਾਹਿਬ, ਮੇਰੀ ਤੁਹਾਨੂੰ ਰਿਕੁਐਸਟ ਹੈ ਕਿ ਤੁਸੀਂ ਵੀ ਉੱਥੇ ਆ ਕੇ ਰਹਿੰਦੇ ਹੋ। ਮੇਰੇ ਕਹੇ ਬਿਨਾਂ ਹੀ ਕਿਤੇ ਆਪੇ ਹੀ ਜਾ ਕੇ ਦੇਖ ਕੇ ਆਇਓ ਤੇ ਮੌਕੇ ਤੇ ਹੀ ਫੈਸਲਾ ਕਰਿਓ ਕਿ ਵਾਕਿਆ ਹੀ ਇਹ ਗੱਲ ਠੀਕ ਹੈ ਕਿ ਅਸੀਂ ਇਹੋ ਜਿਹਾ ਇਨਵਾਇਰਨਮੈਂਟ ਲੋਕਾਂ ਨੂੰ ਦੇ ਰਹੇ ਹਾਂ, ਜਿਹੜੀ ਕਾਲੀ ਵੇਈਂ ਹੈ ਉਹ 70 ਫੁੱਟ ਉੱਚੀ ਚੱਲਣ ਲੱਗ ਪਈ ਹੈ ਤੇ ਉਸ ਦੇ ਆਲੇ ਦੁਆਲੇ ਮਾਈਨਿੰਗ ਉਸ ਤੋਂ ਵੀ ਜ਼ਿਆਦਾ ਡੀਪ ਜਾ ਰਹੀ ਹੈ।

**ਮਾਣਯੋਗ ਸਪੀਕਰ** : ਠੀਕ ਹੈ ਜੀ, ਤੁਹਾਡੀ ਗੱਲ ਆ ਗਈ ਹੈ। ਹਾਂ ਜੀ, ਬਰਿੰਦਰਮੀਤ ਸਿੰਘ ਪਾਹੜਾ ਜੀ। ਹਾਂ ਜੀ, ਮਾਣਯੋਗ ਸੀ.ਐਮ. ਸਾਹਿਬ।

**ਮੁੱਖ ਮੰਤਰੀ (ਸ਼੍ਰੀ ਭਗਵੰਤ ਮਾਨ)** : ਮਾਣਯੋਗ ਸਪੀਕਰ ਸਾਹਿਬ, ਵੈਸੇ ਤਾਂ ਜ਼ੀਰੋ ਆਵਰ ਵਿੱਚ ਜਵਾਬ ਦੇਣਾ ਜ਼ਰੂਰੀ ਨਹੀਂ ਹੁੰਦਾ ਪਰ ਕੋਈ ਗੱਲ ਨਹੀਂ। ਸਰਦਾਰ ਪਰਗਟ ਸਿੰਘ ਜੀ ਨੇ ਜੋ ਜਲੰਧਰ ਦਾ ਮਸਲਾ ਉਠਾਇਆ ਹੈ, ਖਾਸ ਤੌਰ ਤੇ ਵਾਤਾਵਰਣ ਸਬੰਧੀ ਪੰਜਾਬ ਸਰਕਾਰ ਸੰਜੀਦਾ ਹੈ। ਇਹ ਪਹਿਲੀ ਵਾਰ ਹੋ ਰਿਹਾ ਹੈ ਕਿ ਦਰੱਖਤਾਂ ਅਤੇ ਪਾਣੀਆਂ ਦੀ ਗੱਲ ਹੋ ਰਹੀ ਹੈ, ਜਿਨ੍ਹਾਂ ਦੀਆਂ ਕਿ ਵੋਟਾਂ ਨਹੀਂ ਹਨ। ਇਸ ਸਮੇਂ ਪੁਰਾਣੀਆਂ ਕੱਸੀਆਂ ਲੱਭ ਕੇ ਪਾਈਪਾਂ ਥੱਲੇ ਦੱਬੀਆਂ ਜਾ ਰਹੀਆਂ ਹਨ। ਪੁਰਾਣੇ ਰਜਵਾਹੇ, ਜਿਹੜੇ ਕਿ ਲੋਕਾਂ ਨੇ ਵਾਹ ਲਏ ਸੀ, ਉਹ ਵੀ ਲੱਭੇ ਜਾ ਰਹੇ ਹਨ। ਇਸ ਵਕਤ ਅਸੀਂ 70 ਤੋਂ 75 ਪ੍ਰਤੀਸ਼ਤ ਨਹਿਰੀ ਪਾਣੀ ਲੋਕਾਂ ਨੂੰ ਦੇਣ ਵਿੱਚ ਕਾਮਯਾਬ ਹੋਏ ਹਾਂ (ਥੰਪਿੰਗ) ਜਿਸ ਦਿਨ 16 ਮਾਰਚ, 2022 ਨੂੰ ਸਰਕਾਰ ਨੇ ਸਹੁੰ ਚੁੱਕੀ ਸੀ, ਉਸ ਦਿਨ ਇਹ ਪ੍ਰਤੀਸ਼ਤਤਾ 21% ਸੀ। ਇੱਥੇ ਸਾਰੇ ਸੈਕਟਰੀ ਬੈਠੇ ਹਨ, ਸਾਰੇ ਹੀ ਅਫਸਰ ਬੈਠੇ ਹਨ, ਮੈਂ ਇੱਥੇ ਤੁਹਾਨੂੰ ਸਾਰਾ ਡਾਟਾ ਦੇ ਸਕਦਾ ਹਾਂ। ਇਸ ਦੇ ਨਾਲ ਹੀ ਬੁੱਢੇ ਨਾਲੇ ਦੀ ਵੀ ਗੱਲ ਚੱਲੀ ਹੈ, ਇਹ ਸੈਂਟਰ ਨਾਲ ਰਿਲੇਟਿਡ ਬਹੁਤ ਵੱਡੀ ਸਕੀਮ ਹੈ। ਪਹਿਲਾਂ ਸ਼੍ਰੀ ਗਜੇਂਦਰ ਸ਼ੇਖਾਵਤ ਜੀ ਆਏ, ਮੈਂ ਉਨ੍ਹਾਂ ਨਾਲ ਗੱਲ ਕੀਤੀ ਤਾਂ ਉਨ੍ਹਾਂ ਨੇ ਵੀ ਕਿਹਾ ਕਿ ਹਾਂ ਜੀ, ਯੇ ਤੋ ਹੋਨਾ ਚਾਹੀਏ ਪਰੰਤੂ ਸੈਂਟਰ ਗੌਰਮਿੰਟ ਦੇ ਨੁਮਾਇੰਦੇ ਆਉਂਦੇ ਹਨ ਅਤੇ ਪ੍ਰੈੱਸ ਕਾਨਫਰੰਸ ਕਰਕੇ ਚਲੇ ਜਾਂਦੇ ਹਨ। ਅਸੀਂ ਇਸ ਗੱਲ ਦੇ ਬਿਲਕੁਲ ਹੱਕ ਵਿੱਚ ਹਾਂ ਕਿ ਉਹ ਕਾਲਾ ਪਾਣੀ ਹੈ, ਉਸ ਦੇ ਲਈ ਕੰਮ ਹੋਣਾ ਚਾਹੀਦਾ ਹੈ। ਮੈਂ ਸਾਲ 2008, 2009 ਤੋਂ ਲੈ ਕੇ ਫਾਜ਼ਿਲਕਾ ਦੇ ਪਿੰਡਾਂ ਵਿੱਚ ਜਾਂਦਾ ਰਿਹਾ ਹਾਂ ਕਿਉਂਕਿ ਬੁੱਢਾ ਨਾਲ ਇਕੱਲਾ ਲੁਧਿਆਣੇ ਵਿੱਚੋਂ ਹੀ ਨਹੀਂ ਇਹ ਸਤਲੁਜ ਤੋਂ ਕਾਲਾ ਹੁੰਦਾ ਹੁੰਦਾ ਕਸੂਰ ਤੋਂ ਵਾਪਸ ਆ ਜਾਂਦਾ ਹੈ। ਪਾਕਿਸਤਾਨ ਨੇ ਵੀ ਕਸੂਰ ਵਿੱਚ ਸਾਰੀਆਂ ਚਮੜੇ ਦੀਆਂ ਫੈਕਟਰੀਆਂ ਇਸ ਦੇ ਕਿਨਾਰੇ ਹੀ ਲਗਾ ਰੱਖੀਆਂ ਹਨ। ਇਹ ਪਾਣੀ ਜਦੋਂ ਵਾਪਸ ਆਉਂਦਾ ਹੈ ਤਾਂ ਇਹ ਏਨਾ ਕਾਲਾ ਹੋ ਜਾਂਦਾ ਹੈ ਕਿ ਪਿੰਡਾਂ ਦੇ ਪੱਤਣਾਂ ਵਿੱਚ ਪਾਣੀ ਚਲਾ ਗਿਆ ਹੈ। ਉਨ੍ਹਾਂ ਲੋਕਾਂ ਦੀ ਡੂੰਘਾ ਨਲਕਾ ਲਗਾਉਣ ਦੀ ਵਿੱਤੀ ਹਾਲਾਤ ਨਹੀਂ ਹੈ। ਜਾਖੜ ਸਾਹਿਬ, ਤੁਹਾਡਾ ਇਲਾਕਾ ਹੈ, ਮੈਂ ਇਨ੍ਹਾਂ ਪਿੰਡਾਂ ਦੇ ਨਾਂਅ ਵੀ ਲੈ ਲੈਂਦਾ ਹਾਂ, ਦੋਨਾ ਨਾਨਕਾ, ਤੇਜਾ ਰਹੇਲਾ, ਮਹਾਤਮ ਨਗਰ, ਝੰਗੜ ਭੈਣੀ, ਤੇਜੇ ਆਲੀ ਰਹੇਲੀ, ਰੇਤੇ ਵਾਲੀ ਭੈਣੀ। ਜਦੋਂ ਮੈਂ ਰਾਜਨੀਤੀ ਵਿੱਚ ਨਹੀਂ ਸੀ, ਉਦੋਂ ਵੀ ਜਾ ਕੇ ਨਲਕੇ ਲਗਵਾਉਂਦਾ ਰਿਹਾ ਹਾਂ। ਸੋ, ਮੇਰਾ ਮਤਲਬ ਇਹ ਨਹੀਂ ਹੈ ਕਿ ਜਦੋਂ ਮੈਂ ਸਰਕਾਰ ਵਿੱਚ ਹੀ ਹਾਂ ,ਉਦੋਂ ਹੀ ਕੰਮ ਕਰ ਰਿਹਾ ਹਾਂ। ਉਸ ਵੇਲੇ ਇਹ ਪਿੰਡ ਜਲਾਲਾਬਾਦ ਵਿੱਚ ਪੈਂਦੇ ਸੀ, ਜਲਾਲਾਬਾਦ ਤੋਂ ਐਮ.ਐਲ.ਏ. ਕੌਣ ਸੀ? ਸਰਦਾਰ ਸੁਖਬੀਰ ਸਿੰਘ ਬਾਦਲ। ਉਸ ਵੇਲੇ ਫਾਜ਼ਿਲਕਾ ਦੇ ਇਲਾਕੇ ਤੋਂ ਸਿਹਤ ਮੰਤਰੀ ਕੌਣ ਸੀ? ਸ਼੍ਰੀ ਸੁਰਜੀਤ ਕੁਮਾਰ ਜਿਆਣੀ ਜੀ, ਮੇਰਾ ਮਤਲਬ ਕਿ ਸਿਹਤ ਮੰਤਰੀ ਅਤੇ ਡਿਪਟੀ ਸੀ.ਐਮ. ਦੇ ਇਲਾਕੇ ਵਿੱਚ ਇਹ ਕੁਝ ਹੋਇਆ। ਤੁਸੀਂ ਅੱਜ ਉੱਥੇ ਜਾ ਕੇ ਦੇਖ ਲਓ ਕਿ ਡੂੰਘੇ ਬੋਰ ਲਗਵਾ ਰਹੇ ਹਾਂ ਪਰ ਜੋ ਪਹਿਲਾਂ ਹੋ ਗਿਆ ਹੈ, ਉਸ ਦਾ ਕੁਝ ਨਹੀਂ ਕਰ ਸਕਦੇ। ਜਨਾਬ, ਅੱਜ ਹਰ ਘਰ ਵਿੱਚ ਵੀਲ੍ਹ ਚੇਅਰ ਹੈ, ਤੁਸੀਂ ਉਨ੍ਹਾਂ ਪਿੰਡਾਂ ਨੂੰ ਦੇਖ ਹੀ ਨਹੀਂ ਸਕਦੇ। ਉੱਥੇ 6-6,7-7 ਸਾਲਾਂ ਦੇ ਬੱਚਿਆਂ ਦੇ ਵਾਲ ਚਿੱਟੇ ਹੋ ਜਾਂਦੇ

ਹਨ। ਇਹ ਗੱਲ ਮੈਂ ਪਾਰਲੀਮੈਂਟ ਵਿੱਚ ਵੀ ਉਠਾਈ ਸੀ, ਉਸ ਪਾਣੀ ਵਿੱਚ ਵਿੱਚ ਆਰਸੈਨਿਕ ਹੈ, ਇਵਨ ਕਿ ਉਥੋਂ ਦੇ ਪਾਣੀ ਵਿੱਚ ਯੂਰੇਨੀਅਮ ਵੀ ਪਾਇਆ ਜਾਂਦਾ ਹੈ। ਉਸ ਵਿੱਚ ਹੈਵੀ ਮੈਟਲਜ਼ ਹਨ। ਇਸ ਗੱਲ ਵੱਲ ਕੋਈ ਧਿਆਨ ਹੀ ਨਹੀਂ ਦਿੰਦਾ, ਕਾਹਦਾ ਪੰਜਾਬ ਹੈ। ਅਸੀਂ ਇਸ ਪਾਸੇ ਵੱਲ ਧਿਆਨ ਦੇਣ ਲੱਗੇ ਹੋਏ ਹਾਂ। ਪਰਗਟ ਭਾਅ ਜੀ, ਮੈਂ ਇਕੱਲਾ ਨਹੀਂ ਜਾਣਾ, ਜਦੋਂ ਮੈਂ ਉੱਥੇ ਜਾਵਾਂਗਾ ਤਾਂ ਤੁਸੀਂ ਮੇਰੇ ਨਾਲ ਚੱਲਿਓ। ਤੁਸੀਂ ਮੈਨੂੰ ਦਿਖਾਓ, ਉਸ ਦਾ ਇਮੀਜੀਏਟਲੀ ਹੱਲ ਹੋਵੇਗਾ। (ਥੰਪਿੰਗ) ਬਹੁਤ ਬਹੁਤ ਧੰਨਵਾਦ।

**ਮਾਣਯੋਗ ਸਪੀਕਰ** : ਥੈਂਕ ਯੂ, ਮੁੱਖ ਮੰਤਰੀ ਸਾਹਿਬ। ਸਰਦਾਰ ਬਰਿੰਦਰਮੀਤ ਸਿੰਘ ਪਾਹੜਾ ਜੀ।

**ਸਰਦਾਰ ਬਰਿੰਦਰਮੀਤ ਸਿੰਘ ਪਾਹੜਾ (ਗੁਰਦਾਸਪੁਰ)** : ਧੰਨਵਾਦ, ਸਪੀਕਰ ਸਾਹਿਬ। ਸਪੀਕਰ ਸਾਹਿਬ, ਮੇਰੇ ਹਲਕੇ ਵਿੱਚ ਸਕੀਮ ਨੰ: 1 ਇੰਪਰੂਵਮੈਂਟ ਟਰੱਸਟ ਕਲੋਨੀ ਹੈ, ਇਹ ਗੁਰਦਾਸਪੁਰ ਬਟਾਲਾ ਰੋਡ ਤੇ ਸਥਿਤ ਹੈ। ਇਹ ਕਲੋਨੀ ਕਾਫੀ ਪਾਸ਼ ਏਰੀਏ ਦੇ ਵਿੱਚ ਹੈ, ਉੱਥੇ ਲਗਾਤਾਰ ਹੀ ਬਹੁਤ ਚੋਰੀਆਂ ਹੋ ਰਹੀਆਂ ਹਨ। ਪਰਸੋਂ-ਚੌਥ ਵੀ 35-40 ਲੱਖ ਦੀ ਚੋਰੀ ਹੋਈ ਹੈ। ਇਸ ਦੀ ਬਾਊਂਡਰੀ ਵਾਲ ਦੀ ਸਮੱਸਿਆ ਹੈ, ਇਸ ਦੇ ਲਈ ਮੈਂ ਟੈਂਡਰ ਵੀ ਲਗਾਇਆ ਹੋਇਆ ਹੈ। ਸਪੀਕਰ ਸਾਹਿਬ, ਮੈਂ ਚਾਹਾਂਗਾ ਕਿ ਮੰਤਰੀ ਸਾਹਿਬ ਨੂੰ ਕਹਿ ਕੇ ਇਸ ਦੀ ਚਾਰ ਦੀਵਾਰੀ ਕਰਵਾ ਦਿਓ। ਇਸ ਤੋਂ ਲੋਕ ਬੜੇ ਹੀ ਪਰੇਸ਼ਾਨ ਹਨ। ਦੂਸਰਾ, ਹੁਣ ਗੋਲੀ ਚੱਲਣੀ ਬੜੀ ਆਮ ਹੋ ਗਈ ਹੈ। ਮੈਂ ਇਸ ਤੇ ਕੋਈ ਰਾਜਨੀਤੀ ਨਹੀਂ ਕਰਦਾ ਪਰ ਮੈਂ ਸੀ.ਐਮ. ਸਾਹਿਬ ਨੂੰ ਰਿਕੁਐਸਟ ਕਰਾਂਗਾ ਕਿ ਜਿਹੜੇ ਵੀ ਇਹੋ ਜਿਹੇ ਏਲੀਮੈਂਟਸ ਹਨ

**1505/Rajneet Kaur/Abhishek gautam**

ਇਨ੍ਹਾਂ ਪ੍ਰਤੀ ਥੋੜ੍ਹਾ ਜਿਹਾ ਪ੍ਰਸ਼ਾਸਨ ਨੂੰ ਖਿੱਚੋ। ਮੈਂ ਇਸ ਗੱਲ ਨੂੰ ਕਹਿਣ ਤੋਂ ਵੀ ਕੋਈ ਗੁਰੇਜ਼ ਨਹੀਂ ਕਰਦਾ ਅਤੇ ਨਾ ਹੀ ਡਰਦਾ ਹਾਂ ਕਿ ਨੀਚੇ ਲੈਵਲ ਤੇ ਬਹੁਤ ਸਾਰੇ ਪੁਲਿਸ ਵਾਲੇ ਇਨ੍ਹਾਂ ਲੋਕਾਂ ਨਾਲ in touch ਹਨ ਔਰ ਮੇਰੇ ਕੋਲ ਕਾਫੀਆਂ ਦੇ ਰਿਕਾਰਡ ਵੀ ਹਨ ਜਿਹੜੇ ਇਨ੍ਹਾਂ ਲੋਕਾਂ ਨੂੰ ਸ਼ਹਿ ਦਿੰਦੇ ਹਨ। ਸਪੀਕਰ ਸਾਹਿਬ, ਚਾਰ ਦਿਨ ਪਹਿਲਾਂ ਇੱਥ ਮੇਰੇ ਹਲਕੇ ਦਾ ਯੂਥ ਦਾ ਪ੍ਰਧਾਨ ਹੈ, ਉਸ ਨੇ ਘਰ ਆ ਕੇ ਰਾਤ 10.30 ਵਜੇ ਗੋਲੀਆਂ ਚਲਾ ਦਿੱਤੀਆਂ ਗਈਆਂ। ਮੇਰਾ brother ਜਦੋਂ ਸਵੇਰੇ ਪਤਾ ਲੈਣ ਗਿਆ ਤਾਂ ਉੱਥੇ ਡੀ.ਐਸ.ਪੀ., ਐਸ.ਪੀ., ਐਸ.ਐਚ.ਓ. ਸਾਰੇ ਬੈਠੇ ਸਨ। ਉਨ੍ਹਾਂ ਦੇ ਸਾਹਮਣੇ ਫੋਨ ਆ ਗਿਆ ਔਰ ਉਹ ਕਹਿੰਦੇ ਕਿ ਬਲਜੀਤ ਪਾਹੜਾ ਔਰ ਉਸ ਦੇ ਸਾਥੀ ਨੂੰ ਦੋ ਮਹੀਨੇ ਲੱਗਣ, ਛੇ ਮਹੀਨੇ ਲੱਗਣ ਜਾਂ ਸਾਲ ਲੱਗੇ, ਦੋਵਾਂ ਨੂੰ ਮਾਰਨਾ ਹੈ। ਮੇਰਾ ਕਹਿਣ ਦਾ ਮਤਲਬ ਕਿ ਇਹ ਬੜਾ ਸੀਰੀਅਸ ਇਸ਼ੂ ਹੈ। ਇੱਕ ਐਮ.ਐਲ.ਏ. ਦੇ brother ਨੂੰ ਮਾਰਨ ਲਈ ਇਸ ਲੈਵਲ ਤੱਕ ਇਹ ਬੰਦੇ ਆ ਸਕਦੇ ਹਨ। ਪਿੱਛੇ ਜਿਹੇ ਸਿੱਧੂ ਮੂਸੇਵਾਲੇ ਦਾ ਵੀ ਕਤਲ ਹੋਇਆ ਹੈ। ਸੋ, ਇਸ ਉੱਤੇ ਪ੍ਰਸ਼ਾਸਨ ਨੂੰ ਸਖਤੀ ਕਰਨ ਲਈ ਜ਼ਰੂਰ ਕਹੋ।

ਸੀ.ਐਮ. ਸਾਹਿਬ, ਇੱਕ ਮੈਂ ਬਹੁਤ ਵਾਰ ਰਿਕੁਐਸਟ ਕੀਤੀ ਸੀ। ਪਿਛਲੀ ਵਾਰ ਪੰਚਾਇਤੀ ਰਾਜ ਇਕਾਈਆਂ ਸਬੰਧੀ ਕਮੇਟੀ ਦੇ ਚੇਅਰਮੈਨ ਡਾਕਟਰ ਚਰਨਜੀਤ ਸਿੰਘ ਜੀ ਸਨ। ਤੁਹਾਨੂੰ ਯਾਦ ਵੀ ਹੋਵੇਗਾ, ਮੈਂ ਮੈਸੇਜ ਵੀ ਕੀਤਾ ਸੀ। ਤੁਹਾਨੂੰ ਪਰਸਨਲੀ ਵੀ ਦੋ ਤਿੰਨ ਵਾਰ ਮੈਸੇਜ ਦਿੱਤਾ ਸੀ। ਇੱਕ ਬੀ.ਡੀ.ਪੀ.ਓ. ਹੈ, ਐਸ.ਈ.ਪੀ.ਓ., ਅੱਧਾ ਬੀ.ਡੀ.ਓ. ਹੈ ਪਰ ਉਸ ਦੀ ਤਾਕਤ ਬਹੁਤ ਹੈ। ਸਪੀਕਰ ਸਾਹਿਬ ਨੇ ਹੁਣੇ ਸਦਨ ਵਿੱਚ ਕਿਹਾ ਹੈ ਕਿ ਵਿਧਾਨ ਸਭਾ ਦੀਆਂ ਕਮੇਟੀਆਂ ਦੀ ਤਾਕਤ ਬਹੁਤ ਹੁੰਦੀ ਹੈ। ਅਫਸੋਸ ਹੁੰਦਾ ਹੈ ਜਦੋਂ ਅਸੀਂ ਕਮੇਟੀ ਵਿੱਚ ਜਾ ਕੇ ਬੈਠਦੇ ਹਾਂ ਅਤੇ ਕੰਮ ਕਰਦੇ ਹਾਂ ਪਰ

ਅਜਿਹੇ ਅਫਸਰ ਬਾਹਰ ਜਾ ਕੇ ਕਹਿੰਦੇ ਹਨ ਕਿ ਇਨ੍ਹਾਂ ਕਮੇਟੀਆਂ ਦੇ ਪੱਲੇ ਕੀ ਹੈ। ਸੀ.ਐਮ. ਸਾਹਿਬ, ਮੈਂ ਨਹੀਂ ਬਲਕਿ ਤੁਹਾਡੀ ਗਵਰਨਮੈਂਟ ਨੇ ਉਸ ਦੇ ਖਿਲਾਫ 60 ਲੱਖ ਰੁਪਏ ਦਾ ਗਬਨ ਔਰ ਸਾਢੇ 9 ਲੱਖ ਰੁਪਏ ਦਾ ਉਸ ਨੂੰ ਜੁਰਮਾਨਾ ਪਾ ਦਿੱਤਾ। ਉਸ ਨੇ ਫਿਰ ਘੁੰਮ-ਫਿਰ ਕੇ ਆਪਣੀ ਡਿਊਟੀ ਗੁਰਦਾਸਪੁਰ ਵਿਖੇ ਕਰਵਾ ਲਈ। ਉਸ ਦੀ ਤਾਕਤ ਬਹੁਤ ਹੈ ਜੀ। ਮੇਰੀ ਇਹ ਬੇਨਤੀ ਹੈ, ਬੀ.ਡੀ.ਪੀ.ਓ. ਜਿੱਥੇ ਮਰਜ਼ੀ ਲਗਾਓ, ਮੈਨੂੰ ਅਫਸਰਾਂ ਤੋਂ ਕੋਈ ਪ੍ਰਾਬਲਮ ਨਹੀਂ ਹੈ ਪਰ ਇਹੋ ਜਿਹਾ ਬੰਦਾ ਜਿਸ ਦੇ ਖਿਲਾਫ ਤੁਹਾਡੀ ਸਰਕਾਰ ਨੇ ਲਿਖਿਆ ਔਰ ਪਿਛਲੀ ਪੰਚਾਇਤੀ ਰਾਜ ਇਕਾਈਆਂ ਸਬੰਧੀ ਕਮੇਟੀ ਨੇ ਚੀਕਾਂ ਮਾਰ-ਮਾਰ ਉਸ ਦੇ ਅਗੇਂਸਟ ਲਿਖਿਆ ਸੀ, ਪਰ ਅਜੇ ਤੱਕ ਸੀ.ਐਮ. ਸਾਹਿਬ ਉਸ ਤੇ ਐਕਸ਼ਨ ਕਿਉਂ ਨਹੀਂ ਹੋਇਆ? Please, kindly ਮੈਂ ਤੁਹਾਨੂੰ ਦੁਬਾਰਾ ਵਾਟਸਐਪ ਮੈਸੇਜ ਕਰ ਦਿੰਦਾ ਹਾਂ, ਉਸ ਤੇ ਜ਼ਰੂਰ ਐਕਸ਼ਨ ਹੋਣਾ ਚਾਹੀਦਾ ਹੈ। ਥੈਂਕ ਯੂ ਜੀ।

**ਮੁੱਖ ਮੰਤਰੀ: (ਬੈਠੇ-ਬੈਠੇ):** (ਹਾਂ ਵਿੱਚ ਹਾਮੀ ਭਰਦੇ ਹੋਏ) ਕੋਈ ਗੱਲ ਨਹੀਂ ਜੀ।

**ਸ੍ਰੀ ਸੁਖਵਿੰਦਰ ਸਿੰਘ ਕੋਟਲੀ (ਆਦਮਪੁਰ):** ਬਹੁਤ-ਬਹੁਤ ਧੰਨਵਾਦ, ਸਪੀਕਰ ਸਾਹਿਬ। ਮੈਂ ਇੱਕ ਬਹੁਤ ਗੰਭੀਰ ਮੁੱਦੇ ਦੇ ਉੱਤੇ ਬੋਲਣ ਲਈ ਖੜ੍ਹਾ ਹੋਇਆ ਹਾਂ। ਪਾਣੀ ਪ੍ਰਦੂਸ਼ਤ ਹੋਣ ਤੋਂ ਬਚਾਉਣ ਲਈ ਔਰ ਜ਼ਮੀਨੀ ਪਾਣੀ ਨੂੰ ਬਚਾਉਣ ਲਈ ਯਤਨ ਕੀਤੇ ਜਾਣੇ ਬਹੁਤ ਜ਼ਰੂਰੀ ਹਨ। ਰੋਪੜ ਤੋਂ ਇੱਕ ਨਹਿਰ ਚਲਦੀ ਹੈ, ਉਹ ਆਦਮਪੁਰ ਤੋਂ ਹੁੰਦੀ ਹੋਈ ਜਲੰਧਰ ਜਾਂਦੀ ਹੈ। ਆਦਮਪੁਰ ਸ਼ਹਿਰ ਦੇ ਅੰਦਰ 52 ਏਕੜ ਜ਼ਮੀਨ ਦੀ ਖਰੀਦ ਕਰਕੇ ਇੱਕ ਪਲਾਂਟ ਲੱਗ ਰਿਹਾ ਹੈ ਕਿ ਉਸ ਨਹਿਰ ਦਾ ਪਾਣੀ ਸਾਫ ਕਰਕੇ ਸਾਰੇ ਜਲੰਧਰ ਦੇ ਅੰਦਰ ਉਹ ਪਾਣੀ ਦਿੱਤਾ ਜਾਵੇਗਾ। ਉਹ ਜ਼ਮੀਨ ਸਾਡੇ ਹਲਕੇ ਵਿੱਚੋਂ ਚਲੀ ਗਈ। ਸਰ, ਕਰੀਬ 32 ਕਿਲੋਮੀਟਰ ਏਰੀਆ ਬੁਰੀ ਤਰ੍ਹਾਂ ਪੱਟ ਦਿੱਤਾ ਗਿਆ। ਸੜਕਾਂ ਟੁੱਟੀਆਂ ਪਈਆਂ ਹਨ, ਲੰਘਣਾ ਮੁਸ਼ਕਿਲ ਹੋ ਗਿਆ ਹੈ, ਨਾ ਪਠਾਨਕੋਟ ਚੌਕ ਤੇ ਜਾਣ ਲਈ ਕੋਈ ਰਸਤਾ ਹੈ, ਨਾ ਅਲਾਵਲਪੁਰ ਤੋਂ ਜਲੰਧਰ ਜਾਣ ਲਈ ਰਸਤਾ ਹੈ ਅਤੇ ਨਾ ਹੀ ਆਦਮਪੁਰ ਨੂੰ ਜਾਣ ਲਈ ਰਸਤਾ ਹੈ। ਮੈਂ ਬੇਨਤੀ ਕਰਾਂਗਾ ਕਿ ਜਿਹੜਾ ਪਲਾਂਟ ਸਾਡੇ ਹਲਕੇ ਵਿੱਚ ਲੱਗਾ, ਉਸ ਦਾ ਸਾਨੂੰ ਕੋਈ ਫਾਇਦਾ ਹੀ ਨਹੀਂ ਹੈ, ਸਾਡੀ ਜ਼ਮੀਨ ਲੈ ਲਈ ਗਈ, ਸੜਕਾਂ ਸਾਡੀਆਂ ਪੁੱਟ ਦਿੱਤੀਆਂ ਗਈਆਂ। ਜੇ ਜ਼ਮੀਨ ਦਾ ਪਾਣੀ ਬਚਾਉਣ ਲਈ ਯਤਨ ਕੀਤੇ ਜਾਣੇ ਹਨ ਤਾਂ ਸਾਡਾ ਦਿਹਾਤੀ ਖੇਤਰ ਹੈ। ਉਹ ਆਦਮਪੁਰ ਸ਼ਹਿਰ, ਅਲਾਵਲਪੁਰ ਸ਼ਹਿਰ ਅਤੇ ਭੋਗਪੁਰ ਸ਼ਹਿਰ ਦੇ ਵਿਚਕਾਰ ਲੱਗਾ ਹੈ। ਮੈਂ ਤੁਹਾਡੇ ਰਾਹੀਂ ਪੰਜਾਬ ਸਰਕਾਰ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਸਾਡੀ ਜ਼ਮੀਨ, ਸਰਕਾਰ ਦਾ ਪਾਣੀ, ਸਾਡੀਆਂ ਸੜਕਾਂ, ਸਾਡਾ ਸਭ ਕੁਝ ਖਰਾਬ ਹੋ ਗਿਆ ਹੈ। ਆਦਮਪੁਰ ਹਲਕੇ ਦੇ ਅੰਦਰ ਜਿਹੜੇ ਇਹ 3 ਸ਼ਹਿਰ ਪੈਂਦੇ ਹਨ ਇੱਕ ਪਲੈਨ ਕਰਕੇ ਉਸ ਦਾ ਪਾਣੀ ਬਚਾਇਆ ਜਾਵੇ। ਅਸੀਂ ਜ਼ਮੀਨ ਅਤੇ ਹੋਰ ਲੋੜੀਂਦਾ ਪ੍ਰਬੰਧ ਕਰਨ ਲਈ ਬਿਲਕੁਲ ਤਿਆਰ ਹਾਂ ਤਾਂ ਜੋ ਉਹ ਜ਼ਮੀਨ ਦਾ ਪਾਣੀ ਬਚਾਇਆ ਜਾ ਸਕੇ। ਸਾਡੇ ਦਿਹਾਤ ਦੇ ਖੇਤਰ ਦੇ ਅੰਦਰ ਵੀ ਜ਼ਮੀਨ ਹੇਠਲੇ ਪਾਣੀ ਨੂੰ ਬਚਾਇਆ ਜਾ ਸਕੇ। ਨਹਿਰ ਦੇ ਪਾਣੀ ਨੂੰ ਰੀਸਾਈਕਲ ਕਰਕੇ ਪਾਣੀ ਦਿੱਤਾ ਜਾਣਾ ਹੈ, ਉਹ ਸਾਡੇ ਆਦਮਪੁਰ ਨੂੰ ਵੀ ਦਿੱਤਾ ਜਾਵੇ। ਇੱਥੇ ਤਿੰਨ ਮਿਊਂਸਿਪਲ ਕਮੇਟੀਆਂ ਪੈਂਦੀਆਂ ਹਨ, ਅਸੀਂ ਤਿੰਨਾਂ ਦੀ ਜ਼ਮੀਨ ਦੇਣ ਵਾਸਤੇ ਤਿਆਰ ਹਾਂ।

**ਮਾਣਯੋਗ ਸਪੀਕਰ:** ਠੀਕ ਹੈ ਜੀ। ਥੈਂਕ ਯੂ।

**ਸ੍ਰੀ ਸੁਖਵਿੰਦਰ ਸਿੰਘ ਕੋਟਲੀ:** ਅਸੀਂ ਹੋਰ ਲੋੜੀਂਦਾ ਪ੍ਰਬੰਧ ਕਰਨ ਲਈ ਤਿਆਰ ਹਾਂ ਤਾਂ ਕਿ ਸਾਡਾ ਜਿਹੜਾ ਜ਼ਮੀਨ ਦਾ ਪਾਣੀ ਬਚ ਜਾਵੇ। ਲੋਕਾਂ ਨੂੰ ਪੀਣ ਵਾਲਾ ਪਾਣੀ ਉਸ ਸਕੀਮ ਵਿੱਚੋਂ ਮੁਹੱਈਆ ਕਰਵਾਇਆ ਜਾਵੇ। ਤੁਹਾਡਾ ਬਹੁਤ-ਬਹੁਤ ਧੰਨਵਾਦ।

**ਮਾਣਯੋਗ ਸਪੀਕਰ:** ਥੈਂਕ ਯੂ ਜੀ। ਅਰੁਨਾ ਜੀ, ਤੁਸੀਂ ਬੋਲਣਾ ਚਾਹੁੰਦੇ ਹੋ?

**ਸ੍ਰੀਮਤੀ ਅਰੁਨਾ ਚੌਧਰੀ:** ਨਹੀਂ ਜੀ।

**ਮਾਣਯੋਗ ਸਪੀਕਰ:** ਮੈਂ ਕਹਿੰਦਾ ਸੀ, ਲੇਡੀਜ਼ ਨੂੰ ਬੁਲਾ ਲੈਂਦੇ ਹਾਂ।

**ਸ੍ਰੀਮਤੀ ਅਰੁਨਾ ਚੌਧਰੀ (ਦੀਨਾਨਗਰ, ਐਸ.ਸੀ.):** ਠੀਕ ਹੈ ਸਰ। ਥੈਂਕ ਯੂ, ਸਪੀਕਰ ਸਾਹਿਬ। ਸਰ, ਮੈਨੂੰ ਬੜੀ ਖੁਸ਼ੀ ਹੈ ਕਿ ਦੀਨਾਨਗਰ ਦੇ ਓਵਰਬ੍ਰਿਜ ਦਾ ਉਦਘਾਟਨ ਸੀ.ਐਮ. ਸਾਹਿਬ ਨੇ ਆਪ ਆ ਕੇ ਕੀਤਾ ਹੈ। ਤੁਹਾਡਾ ਬਹੁਤ-ਬਹੁਤ ਧੰਨਵਾਦ ਲੇਕਿਨ ਉਸ ਪੁਲ ਨੂੰ ਬਣਦੇ ਹੋਏ ਕਾਫੀ ਟਾਈਮ ਹੋ ਗਿਆ ਸੀ ਜਿਹੜਾ ਕਿ ਹੁਣ ਜਾ ਕੇ ਕੰਪਲੀਟ ਹੋਇਆ ਹੈ। ਲੇਕਿਨ ਉੱਥੇ ਅਧੂਰਾ ਕੰਮ ਅਜੇ ਵੀ ਪੈਂਡਿੰਗ ਹੈ ਕਿਉਂਕਿ ਉੱਥੇ ਲਾਈਟਾਂ ਅਜੇ ਤੱਕ ਨਹੀਂ ਚੱਲੀਆਂ ਔਰ ਜਿਹੜਾ ਪੈਦਲ ਚੱਲਣ ਵਾਲਿਆਂ ਲਈ ਫੁੱਟ ਬ੍ਰਿਜ ਹੈ, ਉਹ ਵੀ ਅਜੇ ਤੱਕ ਨਹੀਂ ਬਣਿਆ। ਸੋ, ਇਸ ਕਰਕੇ ਮੇਰੀ ਤੁਹਾਡੇ ਅੱਗੇ ਰਿਕੁਐਸਟ ਹੈ ਕਿ ਇਹ ਕੰਮ ਜੋ ਕੰਪਲੀਟ ਹੋ ਗਿਆ ਹੈ ਤਾਂ ਉਸ ਨੂੰ ਪਰਾਪਰਲੀ ਲੋਕਾਂ ਨੂੰ ਸਮਰਪਿਤ ਕੀਤਾ ਜਾਵੇ ਤਾਂ ਕਿ ਲੋਕ ਉਸ ਦਾ ਪੂਰਾ-ਪੂਰਾ ਫਾਇਦਾ ਉਠਾ ਸਕਣ। ਜਿਹੜਾ ਅਧੂਰਾ ਕੰਮ ਹੈ, ਉਸ ਨੂੰ ਜਲਦ ਤੋਂ ਜਲਦ ਪੂਰਾ ਕੀਤਾ ਜਾਵੇ।

**ਮੁੱਖ ਮੰਤਰੀ:** (ਬੈਠੇ-ਬੈਠੇ) ਜੀ।

**ਮਾਣਯੋਗ ਸਪੀਕਰ:** ਥੈਂਕ ਯੂ। ਮੈਡਮ ਗਨੀਵ ਜੀ। ਬੈਠੇ ਹਨ? ਨਹੀਂ, ਚਲੋ। ਲਾਡੀ ਜੀ।

**1510/Kuldeep kaur/BS khokhar**

**ਸਰਦਾਰ ਹਰਦੇਵ ਸਿੰਘ ਲਾਡੀ (ਸ਼ਾਹਕੋਟ)**: ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਹਾਊਸ ਦੇ ਧਿਆਨ ਵਿੱਚ ਇਹ ਗੱਲ ਲਿਆਉਣਾ ਚਾਹੁੰਦਾ ਹਾਂ ਕਿ ਸਾਡੇ ਪਿੰਡ ਕਾਕੜ ਕਲਾਂ ਦੀ 45 ਏਕੜ ਜ਼ਮੀਨ, ਜਿਹੜੀ ਕਿ 10 ਸਾਲਾਂ ਤੋਂ ਪੰਚਾਇਤ ਬੋਲੀ ਤੇ ਚੜ੍ਹਾ ਰਹੀ ਸੀ, ਹੁਣ ਉਸ ਜ਼ਮੀਨ ਤੇ ਐਤਕੀਂ ਦੋ ਆਦਮੀਆਂ ਵੱਲੋਂ ਅਫਸਰਾਂ ਨਾਲ ਮਿਲ ਕੇ ਬੋਲੀ ਨਹੀਂ ਕਰਵਾਈ ਗਈ। ਮੈਂ ਮੰਤਰੀ ਸਾਹਿਬ ਨੂੰ ਵੀ ਖੁਦ ਜਾ ਕੇ ਬੇਨਤੀ ਕੀਤੀ ਸੀ ਕਿ ਬੋਲੀ ਕਰਵਾਈ ਜਾਵੇ। ਡੀ.ਸੀ. ਵੱਲੋਂ ਆਰਡਰ ਵੀ ਕਰ ਦਿੱਤੇ ਗਏ ਸਨ ਕਿ ਬੋਲੀ ਕਰਵਾਈ ਜਾਵੇ ਪਰ ਉੱਥੇ ਬੋਲੀ ਨਹੀਂ ਹੋ ਰਹੀ ਹੈ। ਉਨ੍ਹਾਂ ਵੱਲੋਂ ਧੱਕੇ ਨਾਲ ਉੱਥੇ ਝੋਨਾ ਬੀਜਿਆ ਗਿਆ ਹੈ। ਸੀ.ਐਮ. ਸਾਹਿਬ ਦਾ ਇੱਕ ਮੈਸੇਜ ਸੀ ਕਿ ਅਸੀਂ ਪੰਚਾਇਤ ਦੀਆਂ ਜ਼ਮੀਨਾਂ ਦਾ ਕਬਜ਼ਾ ਪੰਚਾਇਤ ਨੂੰ ਦੇਵਾਂਗੇ ਪਰ ਅੱਜ ਫਿਰ ਤੁਹਾਡੇ ਸਮੇਂ ਵਿੱਚ ਪੰਚਾਇਤ ਦੀਆਂ ਜ਼ਮੀਨਾਂ ਤੇ ਲੋਕੀਂ ਕਬਜ਼ਾ ਕਰ ਰਹੇ ਹਨ।

**ਮਾਣਯੋਗ ਸਪੀਕਰ**: ਹਾਂ ਜੀ, ਮੰਤਰੀ ਜੀ। ਮੰਤਰੀ ਜੀ ਜਵਾਬ ਦੇਣਾ ਚਾਹੁੰਦੇ ਹਨ। ਮੰਤਰੀ ਜੀ, ਵੈਸੇ ਜ਼ਰੂਰੀ ਨਹੀਂ ਹੁੰਦਾ ਕਿ ਜ਼ੀਰੋ ਆਵਰ ਵਿੱਚ ਜਵਾਬ ਦਿੱਤਾ ਜਾਵੇ ਪਰ ਜੇਕਰ ਜਵਾਬ ਦੇਣਾ ਹੈ ਤਾਂ ਦੇ ਦਿਓ ਜੀ।

**ਦਿਹਾਤੀ ਵਿਕਾਸ ਤੇ ਪੰਚਾਇਤਾਂ ਮੰਤਰੀ (ਸਰਦਾਰ ਲਾਲਜੀਤ ਸਿੰਘ ਭੁੱਲਰ)**: ਮਾਣਯੋਗ ਸਪੀਕਰ ਸਾਹਿਬ, ਇਨ੍ਹਾਂ ਨੂੰ ਵੀ ਪਤਾ ਹੈ ਕਿ ਪਾਰਟੀ ਵੱਲੋਂ ਸੱਚੇ/ਝੂਠੇ ਪੇਪਰ ਪੇਸ਼ ਕਰਕੇ ਸਟੇਅ ਲੈ ਲਿਆ ਗਿਆ ਸੀ। ਮੈਂ ਇਨ੍ਹਾਂ ਦੀ ਹਾਜ਼ਰੀ ਵਿੱਚ ਮਾਣਯੋਗ ਡੀ.ਸੀ. ਸਾਹਿਬ ਅਤੇ ਏ.ਡੀ.ਸੀ. ਸਾਹਿਬ ਨੂੰ ਕਹਿ ਦਿੱਤਾ ਹੈ ਕਿ ਬੋਲੀ ਕਰਵਾਉਣੀ ਹੈ। ਥੋੜ੍ਹੇ ਦਿਨਾਂ ਵਿੱਚ ਜ਼ਮੀਨ ਦੀ ਬੋਲੀ ਕਰਵਾ ਦਿੱਤੀ ਜਾਵੇਗੀ।

**ਮਾਣਯੋਗ ਸਪੀਕਰ**: ਮਾਣਯੋਗ ਤਾਂ ਤੁਸੀਂ ਹੋ, ਉਹ ਡੀ.ਸੀ. ਸਾਹਿਬ ਅਤੇ ਏ.ਡੀ.ਸੀ. ਸਾਹਿਬ ਹਨ।

**ਦਿਹਾਤੀ ਵਿਕਾਸ ਤੇ ਪੰਚਾਇਤਾਂ ਮੰਤਰੀ**: ਸਰ, ਸਾਰੇ ਹੀ ਮਾਣਯੋਗ ਹਨ।

**ਮਾਣਯੋਗ ਸਪੀਕਰ**: ਜੀ, ਜੀ। ਲਾਡੀ ਜੀ, ਤੁਹਾਡੀ ਗੱਲ ਆ ਗਈ ਹੈ।

**ਸਰਦਾਰ ਹਰਦੇਵ ਸਿੰਘ ਲਾਡੀ**: ਸਪੀਕਰ ਸਾਹਿਬ, ਇੱਕ ਗੱਲ ਇਸ ਦੇ ਨਾਲ ਹੀ ਸਬੰਧਿਤ ਹੈ ਕਿ ਸਾਡੇ ਪਿੰਡ ਤਲਵੰਡੀ ਸੰਘੇੜਾ ਵਿੱਚ ਪੰਚਾਇਤ ਦੀ ਜ਼ਮੀਨ ਤੋਂ ਦਰੱਖਤ ਪੱਟੇ ਨੂੰ ਅੱਜ ਚਾਰ ਦਿਨ ਹੋ ਗਏ ਹਨ। ਸ਼ਰੇਆਮ ਦਰੱਖਤ ਕੱਟ ਦਿੱਤੇ ਗਏ ਅਤੇ ਟੈਂਪੂ ਤੇ ਲੱਦਣ ਸਮੇਂ ਉਨ੍ਹਾਂ ਨੂੰ ਰੋਕਿਆ ਗਿਆ। ਸਾਡੇ ਬੰਦੇ 04 ਦਿਨ ਤੋਂ ਰਾਖੀ ਤੇ ਬੈਠੇ ਹਨ। ਮੈਂ ਖੁਦ ਬੀ.ਡੀ.ਪੀ.ਓ. ਨੂੰ ਫੋਨ ਕੀਤਾ। ਸਾਡੇ ਬੰਦੇ ਪੰਚਾਇਤ ਦੇ ਸਰਪੰਚ ਸਾਹਿਬ ਨੂੰ ਕੰਪਲੇਂਟ ਕਰਕੇ ਆਏ ਹਨ ਅਤੇ ਅੱਜ ਮੈਂ ਹਾਊਸ ਦੇ ਬਾਹਰ ਬੈਠ ਕੇ ਬੀ.ਡੀ.ਪੀ.ਓ ਨੂੰ 08 ਵਾਰ ਫੋਨ ਕੀਤਾ ਪਰ ਉਸ ਨੇ ਫੋਨ ਨਹੀਂ ਚੁੱਕਿਆ। ਜਦੋਂ ਇਸ ਸਬੰਧੀ ਪੰਚਾਇਤ ਅਫਸਰ ਨੂੰ ਪੁੱਛਿਆ ਗਿਆ ਕਿ ਦਰਖਾਸਤ ਦਾ ਕੀ ਬਣਿਆ ਹੈ ਤਾਂ ਉਸ ਨੇ ਕਿਹਾ ਕਿ ਇਸ ਸਬੰਧੀ ਬੀ.ਡੀ.ਪੀ.ਓ. ਨਾਲ ਗੱਲ ਕਰੋ। ਸੋ, ਜਿੱਥੇ ਅਸੀਂ ਕਹਿੰਦੇ ਹਾਂ ਕਿ ਆਮ ਲੋਕਾਂ ਦੀ ਗੱਲ ਹੋਣੀ ਚਾਹੀਦੀ ਹੈ ਤਾਂ ਅੱਜ ਸ਼ਰੇਆਮ ਸਿਸਟਮ ਦੀ ਧੱਜੀਆਂ ਉੱਡ ਰਹੀਆਂ ਹਨ। ਮੌਕੇ ਤੇ ਦਰੱਖਤ ਪੱਟੇ ਪਏ ਹਨ। ਅਸੀਂ ਫੋਟੋਆਂ ਵੀ ਮੰਗਵਾਂ ਦਿੰਦੇ ਹਾਂ ਕਿ ਪੰਚਾਇਤ ਦੀ ਜ਼ਮੀਨ ਤੋਂ ਦਰੱਖਤ ਪੱਟੇ ਹਨ ਅਤੇ ਉੱਥੇ ਪਏ ਹਨ। ਸਾਡੀ ਚਾਰ ਦਿਨਾਂ ਤੋਂ ਕੋਈ ਸੁਣਵਾਈ ਨਹੀਂ ਹੋ ਰਹੀ। ਮੈਂ ਆਪ ਖੁਦ ਅਫਸਰ ਸਾਹਿਬਾਨਾਂ ਨੂੰ ਬੇਨਤੀ ਕਰ ਚੁੱਕਿਆ ਹਾਂ।

**ਮਾਣਯੋਗ ਸਪੀਕਰ**: ਤੁਹਾਡੀ ਗੱਲ ਆ ਗਈ ਹੈ ਜੀ। ਧੰਨਵਾਦ, ਧੰਨਵਾਦ। ਹਾਂ ਜੀ, ਸਰਦਾਰ ਸਰਵਨ ਸਿੰਘ ਧੁੰਨ।

**ਸਰਦਾਰ ਸਰਵਨ ਸਿੰਘ ਧੁੰਨ (ਖੇਮਕਰਨ)**: ਮਾਣਯੋਗ ਸਪੀਕਰ ਸਾਹਿਬ, ਬਹੁਤ ਬਹੁਤ ਧੰਨਵਾਦ, ਆਪ ਜੀ ਨੇ ਮੈਨੂੰ ਪਵਿੱਤਰ ਸਦਨ ਦੇ ਵਿੱਚ ਬੋਲਣ ਦਾ ਮੌਕਾ ਦਿੱਤਾ। ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਪੰਜਾਬ ਸਰਕਾਰ ਦਾ ਧਿਆਨ ਇਸ ਗੱਲ ਵੱਲ ਦਿਵਾਉਣਾ ਚਾਹੁੰਦਾ ਹਾਂ ਕਿ ਸਾਡੀਆਂ ਜਿਹੜੀ ਲੋਕਲ ਮਾਰਕੀਟ ਕਮੇਟੀਆਂ ਹਨ, ਉੱਥੇ ਜਿਹੜਾ ਸਲਾਨਾ ਬਜਟ ਬਣਦਾ ਹੈ, ਉਹ ਫੰਡ ਰਿਪੇਅਰ ਲਈ ਵਰਤੇ ਜਾਂਦੇ ਹਨ। ਮੈਂ ਸੀ.ਐਮ. ਸਾਹਿਬ ਜੀ ਦੇ ਧਿਆਨ ਵਿੱਚ ਇਹ ਗੱਲ ਲਿਆਉਣਾ ਚਾਹੁੰਦਾ ਹਾਂ ਕਿ ਜਿਹੜੀਆਂ ਕਮੇਟੀਆਂ ਨਵੀਂਆਂ ਲਿੰਕ ਸੜਕਾਂ ਲਈ ਉਹ ਫੰਡ ਵਰਤਣਾ ਚਾਹੁੰਦੀ ਹੈ, ਉਨ੍ਹਾਂ ਨੂੰ ਨਵੀਂਆਂ ਸੜਕਾਂ ਬਣਾਉਣ ਦੀ ਇਜਾਜ਼ਤ ਦਿੱਤੀ ਜਾਵੇ। ਜਿਹੜੀਆਂ ਕਮੇਟੀਆਂ ਲਿੰਕ ਸੜਕਾਂ ਦੀ ਰਿਪੇਅਰ ਦਾ ਕੰਮ ਕਰਨਾ ਚਾਹੁੰਦੀ ਹੈ, ਉਨ੍ਹਾਂ ਨੂੰ ਰਿਪੇਅਰ ਕਰਨ ਦੀ ਇਜਾਜ਼ਤ ਦਿੱਤੀ ਜਾਵੇ। ਬਹੁਤ ਬਹੁਤ ਧੰਨਵਾਦ ਜੀ।

**ਮਾਣਯੋਗ ਸਪੀਕਰ**: ਹਾਂ ਜੀ, ਸਰਦਾਰ ਲਾਭ ਸਿੰਘ ਉਗੋਕੇ ਜੀ।

**ਸਰਦਾਰ ਲਾਭ ਸਿੰਘ ਉਗੋਕੇ (ਭਦੌੜ, ਐਸ.ਸੀ.)**: ਬਹੁਤ ਬਹੁਤ ਸ਼ੁਕਰੀਆ ਮਾਣਯੋਗ ਸਪੀਕਰ ਸਾਹਿਬ, ਮੈਂ ਸਦਨ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ 05 ਸਤੰਬਰ ਨੂੰ ਸ਼੍ਰੋਮਣੀ ਸ਼ਹੀਦ ਬਾਬਾ ਜੀਵਨ ਸਿੰਘ ਜੀ (ਭਾਈ ਜੈਤਾ ਜੀ) ਦਾ ਜਨਮ ਦਿਹਾੜਾ ਆ ਰਿਹਾ ਹੈ, ਸਿੱਖ ਕੌਮ ਦੇ ਲਈ ਉਨ੍ਹਾਂ ਦੀ ਅਤੇ ਉਨ੍ਹਾਂ ਦੇ ਪਰਿਵਾਰ ਦੀ ਬਹੁਤ ਵੱਡੀ ਕੁਰਬਾਨੀ ਹੈ। ਸਾਹਿਬ-ਏ-ਕਮਾਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਨਾਲ ਉਨ੍ਹਾਂ ਨੇ ਲਗਭਗ 13 ਜੰਗਾਂ ਸਿੱਖ ਕੌਮ ਦੇ ਲਈ ਲੜੀਆਂ ਸਨ। ਸੋ, ਮੈਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਉਨ੍ਹਾਂ ਦੇ ਜਨਮ ਦਿਨ ਮੌਕੇ 05 ਸਤੰਬਰ ਨੂੰ ਸਰਕਾਰੀ ਛੁੱਟੀ ਕੀਤੀ ਜਾਵੇ ਔਰ ਇਸ ਦੇ ਨਾਲ ਨਾਲ ਉਨ੍ਹਾਂ ਦੇ ਨਾਂ ਤੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿੱਚ ਇੱਕ ਚੇਅਰ ਸਥਾਪਿਤ ਕਰਨ ਦੀ ਵੀ ਬੇਨਤੀ ਸਦਨ ਅੱਗੇ ਕਰਦਾ ਹਾਂ। ਸ੍ਰੀ ਅਨੰਦਪੁਰ ਸਾਹਿਬ ਦੇ ਵਿੱਚ ਉਨ੍ਹਾਂ ਦੀ ਇੱਕ ਯਾਦਗਾਰ ਬਣ ਰਹੀ ਹੈ, ਜਿਸ ਦਾ ਕੰਮ ਬਹੁਤ ਲੰਮੇ ਸਮੇਂ ਤੋਂ ਅਧੂਰਾ ਪਿਆ ਹੈ। ਸੋ, ਮੈਂ ਤੁਹਾਡੇ ਮਾਧਿਅਮ ਰਾਹੀਂ ਸਰਕਾਰ ਨੂੰ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਜਦੋਂ ਉਨ੍ਹਾਂ ਦਾ ਸ਼ਹੀਦੀ ਦਿਹਾੜਾ ਆਵੇਗਾ ਤਾਂ ਸ਼ਹੀਦੀ ਦਿਹਾੜੇ ਤੱਕ ਇਸ ਯਾਦਗਾਰ ਨੂੰ ਪੂਰਾ ਕਰਕੇ ਸਿੱਖ ਕੌਮ ਦੇ ਲਈ ਸਮਰਪਿਤ ਕੀਤਾ ਜਾਵੇ।

**ਮਾਣਯੋਗ ਸਪੀਕਰ**: ਹਾਂ ਜੀ, ਸ੍ਰੀ ਮਦਨ ਲਾਲ ਬੱਗਾ ਜੀ।

**ਸ੍ਰੀ ਮਦਨ ਲਾਲ ਬੱਗਾ (ਲੁਧਿਆਣਾ ਉੱਤਰੀ)**: ਸਪੀਕਰ ਸਾਹਿਬ, ਮੈਂ ਪਿਛਲੀ ਵਾਰੀ ਵੀ ਤੁਹਾਡੇ ਮਾਧਿਅਮ ਰਾਹੀਂ ਹਾਊਸ ਵਿੱਚ ਗੱਲ ਰੱਖੀ ਸੀ ਅਤੇ ਰੈਵੀਨਿਊ ਡਿਪਾਰਟਮੈਂਟ ਦੇ ਮਨਿਸਟਰ ਸਾਹਿਬ ਨੂੰ ਵੀ ਬੇਨਤੀ ਕੀਤੀ ਸੀ

**1515/Pawan sharma/BS khokhar**

ਕਿ ਮੇਰੇ ਹਲਕੇ ਵਿਚ ਸਬ ਤਹਿਸੀਲ ਦੀ ਜ਼ਰੂਰਤ ਹੈ, ਸਬ ਤਹਿਸੀਲ ਬਣਾਈ ਜਾਵੇ ਔਰ ਖਾਸ ਤੌਰ ਉਤੇ ਉਸ ਦੀ ਸਾਈਟ ਤਿਆਰ ਕਰਕੇ ਮੈਂ ਆਪ ਖੁਦ ਉਨ੍ਹਾਂ ਨੂੰ ਦੇ ਕੇ ਆਇਆ ਸੀ। ਸੀ.ਐਮ.ਸਾਹਿਬ ਬੈਠੇ ਨਹੀਂ ਹਨ। ਸਪੀਕਰ ਸਾਹਿਬ, 10-12 ਦਿਨ ਪਹਿਲਾਂ ਮੈਂ ਆਪ ਵੀ ਸੀ.ਐਮ.ਸਾਹਿਬ ਨੂੰ ਰਿਕੁਐਸਟ ਕਰਕੇ ਆਇਆ ਸੀ। ਸਪੀਕਰ ਸਾਹਿਬ, ਮੇਰੀ ਬੇਨਤੀ ਹੈ ਕਿ ਉਹ ਜ਼ਰੂਰੀ ਹੈ, ਮੰਤਰੀ ਸਾਹਿਬ ਬੈਠੇ ਹਨ, ਇਸ ਵੱਲ ਧਿਆਨ ਦੇ ਕੇ ਸਬ-ਤਹਿਸੀਲ ਬਣਾਈ ਜਾਵੇ ਕਿਉਂਕਿ ਉਥੇ ਬਿਲਡਿੰਗ ਵੀ ਉਸਰੀ ਹੋਈ ਹੈ, ਬਿਲਡਿੰਗ ਵੀ ਸਾਡੇ ਕੋਲ ਹੈ, ਇਸ ਉਤੇ ਕੋਈ ਲੰਮਾ ਚੌੜਾ ਖਰਚ ਕਰਨ ਦੀ ਵੀ ਲੋੜ ਨਹੀਂ ਹੈ। ਮੈਂ ਪੂਰਾ ਟੈਕਲ ਕਰਕੇ ਸਟਾਫ ਬਾਰੇ ਵੀ ਸਾਰੀ ਫਾਈਲ ਤਿਆਰ ਕਰਕੇ ਦਿੱਤੀ ਸੀ। ਸਪੀਕਰ ਸਾਹਿਬ, ਮੈਂ ਤੁਹਾਡੇ ਮਾਧਿਅਮ ਰਾਹੀਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਹ ਸਬ ਤਹਿਸੀਲ ਕਿੰਨੀ ਕੁ ਜਲਦੀ ਤਿਆਰ ਹੋ ਸਕਦੀ ਹੈ,ਇਹ ਦੱਸਿਆ ਜਾਵੇ।

------

## RULING GIVEN BY THE SPEAKER

**ਮਾਣਯੋਗ ਸਪੀਕਰ**: ਧੰਨਵਾਦ । ਮੈਂ ਇਸ ਸਦਨ ਤੋਂ ਇੱਕ ਰਾਇ ਲੈਣੀ ਚਾਹੁੰਦਾ ਹਾਂ, ਰਾਇ ਕੀ ਹੈ, ਮਤਲਬ ਮੈਨੂੰ ਇਸ ਤਰ੍ਹਾਂ ਲੱਗਦਾ ਹੈ ਕਿ ਸਾਰੀਆਂ ਬਿਮਾਰੀਆਂ ਦੀ ਜੜ੍ਹ ਤਾਂ ਕੁਰੱਪਸ਼ਨ ਹੀ ਹੈ ਔਰ ਪੰਜਾਬ ਸਰਕਾਰ ਕੁਰੱਪਸ਼ਨ ਦੇ ਪ੍ਰਤੀ ਬੜੀ ਸਖ਼ਤ ਹੈ। ਕਈ ਵਾਰੀ ਕੋਈ ਮਾਮਲਾ ਧਿਆਨ ਵਿਚ ਆ ਜਾਂਦਾ ਹੈ, ਰਜਿਸਟਰ ਹੋ ਜਾਂਦਾ ਹੈ, ਲੇਕਿਨ ਜੇ ਉਸ

ਐਕਸ਼ਨ ਵਿੱਚ ਡਿਲੇਅ ਹੋ ਜਾਵੇ ਤਾਂ ਮੇਰਾ ਖਿਆਲ ਹੈ ਕਿ ਉਸ ਦਾ ਉਹ ਅਸਰ ਨਹੀਂ ਰਹਿੰਦਾ। ਕੁੰਵਰ ਜੀ, ਪੁਲਿਸ ਵਿਚ ਰਹੇ ਹਨ, ਇਨ੍ਹਾਂ ਤੋਂ ਮੈਂ ਇੱਕ ਸਲਾਹ ਲੈਣੀ ਚਾਹੁੰਦਾ ਹਾਂ। ਕੁੰਵਰ ਜੀ, ਇੱਕ ਪੁਲਿਸ ਸਟੇਸ਼ਨ ਸਿਟੀ, ਕੋਟਕਪੂਰਾ ਵਿਖੇ ਐਫ.ਆਈ.ਆਰ. ਨੰਬਰ 180 ਦਰਜ ਹੋਈ ਹੈ। ਇਹ prevention of corruption (Amendment) Act, 2017 Section 7 ਤਹਿਤ ਹੋਈ ਹੈ ਔਰ ਇਹ ਏ.ਐਸ.ਆਈ. ਬੋਹੜ ਸਿੰਘ ਦੇ ਅਗੇਂਸਟ ਹੋਈ ਹੈ। ਇਸ ਵਿਚ ਉਨ੍ਹਾਂ ਉਤੇ ਇਹ ਇਲਜ਼ਾਮ ਲੱਗਿਆ ਹੈ ਕਿ ਉਨ੍ਹਾਂ ਨੇ ਬੈਂਕ ਦੇ ਵਿੱਚ, ਬੈਂਕ ਦੇ ਰਾਹੀਂ ਇੱਕ ਕੈਟਾਗਰਾਈਜ਼ਡ ਗੈਂਗਸਟਰ ਕੋਲੋਂ ਪੈਸੇ ਲਏ ਔਰ ਉਸੇ ਬੰਦੇ ਦੇ ਜਿਸ ਬੰਦੇ ਤੋਂ ਪੈਸੇ ਲਏ, ਉਸ ਦੇ ਬਿਆਨਾਂ ਉਤੇ ਐਫ.ਆਈ.ਆਰ. ਦਰਜ ਹੋਈ। ਇਹ ਆਨ ਰਿਕਾਰਡ ਹੈ। ਇਸ ਤਰ੍ਹਾਂ ਦੇ ਕੇਸਾਂ ਦੇ ਵਿੱਚ ਮਤਲਬ ਜਿਹੜੇ ਬੰਦੇ ਕਿਤੇ ਵਾੜ ਹੀ ਖੇਤ ਨੂੰ ਖਾਣ ਲੱਗ ਪਵੇ, ਮਤਲਬ ਜਿਹੜਾ ਪੁਲਿਸ ਅਫਸਰ ਐਨਾ ਕੁ ਦਬੰਗ ਹੋ ਜਾਵੇ ਕਿ ਉਸ ਨੂੰ ਕੋਈ ਪਰਵਾਹ ਹੀ ਨਹੀਂ। ਇਸ ਨੂੰ ਚਾਹੇਂ ਆਪਾਂ ਥਰੂ ਬੈਂਕ ਹੀ ਲੈ ਲਈਏ ਤਾਂ ਇਸ ਉਤੇ ਇਨ੍ਹਾਂ ਵਾਸਤੇ ਕੀ ਸਜ਼ਾ ਹੁੰਦੀ ਹੈ, ਸਜ਼ਾ ਹੋ ਸਕਦੀ ਹੈ? ਕੁੰਵਰ ਜੀ, ਤੁਸੀਂ ਇਸ ਦੇ ਉਤੇ ਚਾਨਣਾ ਪਾਉ।

**ਕੁੰਵਰ ਵਿਜੈ ਪ੍ਰਤਾਪ ਸਿੰਘ**: ਮਾਣਯੋਗ ਸਪੀਕਰ ਸਾਹਿਬ, ਮੈਂ ਤਾਂ ਤਿਆਰੀ ਕਿਸੇ ਹੋਰ ਟਾਪਿਕ ਉਤੇ ਕਰਕੇ ਆਇਆ ਸੀ (ਹਾਸਾ)

**ਮਾਣਯੋਗ ਸਪੀਕਰ**: ਤੁਸੀਂ ਤਾਂ ਪੁਲਿਸ ਵਿਚ ਸਾਰੀ ਉਮਰ ਹੀ ਕੰਮ ਕੀਤਾ ਹੈ। ਤੁਸੀਂ ਸਾਰੀ ਉਮਰ ਇਹ ਕੰਮ ਕੀਤਾ ਹੈ।

**ਕੁੰਵਰ ਵਿਜੈ ਪ੍ਰਤਾਪ ਸਿੰਘ**: ਮਾਣਯੋਗ ਸਪੀਕਰ ਸਾਹਿਬ, ਜੋ ਆਪ ਜੀ ਵੱਲੋਂ ਕੁਰੱਪਸ਼ਨ ਬਾਰੇ ਸਜ਼ਾ ਦੇਣ ਦੀ ਗੱਲ ਕੀਤੀ ਗਈ ਹੈ। ਦੇਖੋ, ਇਸ ਤਰ੍ਹਾਂ ਦੇ ਬਹੁਤ ਸਾਰੇ ਮੁਕੱਦਮਿਆਂ ਦੇ ਵਿੱਚ ਪੁਲਿਸ ਡਿਪਾਰਟਮੈਂਟ ਵਿਚ ਜਾਂ ਹੋਰ ਡਿਪਾਰਟਮੈਂਟ ਵਿਚ ਵੀ ਬੈਠੇ ਹੋਏ ਹਨ ਔਰ ਉਹ ਖੁਲ੍ਹਮ-ਖੁਲ੍ਹਾ ਸਿਸਟਮ ਨੂੰ ਚੈਲੰਜ ਕਰਦੇ ਹਨ । ਦੇਖੋ, ਬਿਲਕੁਲ ਕਲੀਅਰ ਹੈ, ਜੇਕਰ ਅਸੀਂ ਟਰਾਂਸਫਰ ਪਾਲਿਸੀ ਬਣਾ ਲੈਂਦੇ ਹਾਂ। ਪੰਜਾਬ ਵਿਚ 23 ਜ਼ਿਲ੍ਹੇ ਹਨ, ਜੇਕਰ ਡੇਢ ਡੇਢ ਸਾਲ ਇੱਕ ਇੱਕ ਜ਼ਿਲ੍ਹੇ ਵਿਚ ਆ ਜਾਣ ਤਾਂ ਫਿਰ ਵੀ ਦੇਖੋ ਇੱਕ ਪੁਲਿਸ ਅਫਸਰ ਜਾਂ ਕਿਸੇ ਹੋਰ ਮਹਿਕਮੇ ਦੇ ਅਫਸਰ ਦਾ ਟੈਨਿਉਰ ਪੂਰਾ ਹੋ ਜਾਂਦਾ ਹੈ, ਲਿੰਕ ਤੋੜਨਾ ਜ਼ਿਆਦਾ ਜ਼ਰੂਰੀ ਹੈ। ਸ਼ਜ਼ਾ ਤਾਂ ਇਨ੍ਹਾਂ ਨੂੰ ਹੁੰਦੀ ਹੀ ਨਹੀਂ ਹੈ, ਇਹ ਤਾਂ ਪਤਾ ਹੀ ਹੈ beyond reasonable doubt ਪਰੂਵ ਕਰਨਾ ਬਹੁਤ ਔਖਾ ਕੰਮ ਹੁੰਦਾ ਹੈ, ਐਗਲੀਗੇਸ਼ਨ ਲੱਗ ਜਾਂਦਾ ਹੈ, ਸਭ ਕੁਝ ਹੋ ਜਾਂਦਾ ਹੈ, 8-10 ਸਾਲ ਤੱਕ ਮੁਕੱਦਮਾ ਚਲਦਾ ਹੈ, ਇਸ ਕਰਕੇ ਸ਼ਜ਼ਾ ਨਹੀਂ ਹੁੰਦੀ। ਲੇਕਿਨ ਜੇਕਰ ਇਨ੍ਹਾਂ ਨੂੰ ਤਬਦੀਲ ਕਰ ਦਿੱਤਾ ਜਾਵੇ ਕਿ ਅੱਜ ਫਰੀਦਕੋਟ, ਕੋਟਕਪੂਰਾ ਵਿਚ ਹਨ ਤਾਂ ਦੋ ਸਾਲ ਬਾਅਦ ਇਨ੍ਹਾਂ ਨੂੰ ਪਠਾਨਕੋਟ ਭੇਜ ਦਿਉ, ਹੋਰ ਦੋ ਸਾਲ ਬਾਅਦ ਲੁਧਿਆਣਾ ਭੇਜ ਦਿਉ, ਦੋ ਸਾਲ ਬਾਅਦ ਫਿਰ ਬਠਿੰਡਾ ਭੇਜ ਦਿਉ, ਸਾਰਿਆਂ ਦੀ ਤਬਦੀਲੀ ਕਰ ਦਿਉ ਤਾਂ ਨੈਕਸਸ ਟੁੱਟ ਜਾਂਦਾ ਹੈ ਕਿਉਂਕਿ ਸਰ, ਅੱਜ ਮੈਂ ਤੁਹਾਨੂੰ ਸਪੱਸ਼ਟ ਇਹ ਕਹਿ ਰਿਹਾ ਹਾਂ । ਅਸੀਂ ਗੱਲ ਕਰਦੇ ਹਾਂ ਸਰਕਾਰਾਂ ਦੀ, ਇੱਕ ਸਰਕਾਰ ਕੇਂਦਰ ਸਰਕਾਰ ਹੈ, ਉਹ ਵੀ ਆਮ ਜਨਤਾ ਹੀ ਚੁਣ ਕੇ ਭੇਜਦੀ ਹੈ, ਦੂਸਰੀ ਸਰਕਾਰ ਹੁੰਦੀ ਹੈ, ਹਰੇਕ ਸਟੇਟ ਦੀ ਰਾਜ ਸਰਕਾਰ ਹੁੰਦੀ ਹੈ, ਤੀਸਰੀ ਸਰਕਾਰ ਹੁੰਦੀ ਹੈ ਲੋਕਲ ਗੌਰਮਿੰਟ। ਲੇਕਿਨ ਸਿਸਟਮ ਨੂੰ ਚਲਾਉਂਦਾ ਕੌਣ ਹੈ, ਮੈਂ ਦਾਅਵੇ ਦੇ ਨਾਲ ਕਹਿੰਦਾ ਹਾਂ ਕਿ ਇਸ ਸਦਨ ਵਿਚ ਮੈਂ ਸਾਲ 2006 ਤੋਂ ਲਗਾਤਾਰ ਕਿਸੇ ਨਾ ਕਿਸੇ ਗੈਲਰੀ ਵਿਚ ਬੈਠਦਾ ਆ ਰਿਹਾ ਹਾਂ, ਜਿਸ ਤਰ੍ਹਾਂ ਆਫੀਸਰ ਗੈਲਰੀ ਦੇ ਵਿੱਚ ਸਭ ਤੋਂ ਜ਼ਿਆਦਾ ਮੈਂ ਬੈਠਦਾ ਆ ਰਿਹਾ ਹਾਂ।

ਮਾਣਯੋਗ ਸਪੀਕਰ ਸਾਹਿਬ, ਸਰਕਾਰ ਚਲਾਉਣ ਦੇ ਵਿੱਚ ਸਭ ਤੋਂ ਜ਼ਿਆਦਾ ਰੋਲ ਮਾਫੀਆ ਦਾ ਹੁੰਦਾ ਹੈ, ਹਰ ਚੀਜ਼ ਨੂੰ, ਹਰ ਸਿਸਟਮ ਨੂੰ ਕੰਟਰੋਲ ਮਾਫੀਆ ਕਰਦਾ ਹੈ।

**1520/Jaspal Singh/Rajneesh kumar**

**1525/Beant kaur**

ਸਪੀਕਰ ਸਾਹਿਬ, ਮੈਂ ਕਲੀਅਰ ਕੱਟ ਬੇਨਤੀ ਕਰਾਂਗਾ ਕਿ ਖੁੱਲ੍ਹੇਆਮ ਸਾਰਿਆਂ ਨੂੰ ਬੋਲਣ ਦਾ ਮੌਕਾ ਦਿੱਤਾ ਜਾਵੇ। ਤੁਹਾਡੇ ਕੋਲ ਬਹੁਤ ਪਾਵਰ ਹੈ। ਇਹ ਜਿਹੜੀ ਤੁਹਾਡੀ ਕੁਰਸੀ ਹੈ, ਇਸ ਕੁਰਸੀ ਕੋਲ ਬਹੁਤ ਪਾਵਰ ਹੈ।(ਥੰਪਿੰਗ) ਤੁਸੀਂ ਮੈਨੂੰ ਵੀ ਪੂਰਾ ਮੌਕਾ ਦਿਓ। ਮੈਂ ਵੈਸੇ ਵੀ ਤਿੰਨ ਮੁੱਦਿਆਂ ਉੱਤੇ ਬੋਲਣ ਵਾਸਤੇ ਬੇਨਤੀ ਕੀਤੀ ਹੈ। ਪਹਿਲਾਂ ਅੰਮ੍ਰਿਤਸਰ ਦਾ ਸੀਵਰੇਜ, ਗਾਰਬੇਜ ਲਿਫਟਿੰਗ ਦਾ ਮੁੱਦਾ ਹੈ।

**ਮਾਣਯੋਗ ਸਪੀਕਰ** : ਤੁਹਾਨੂੰ ਟਾਈਮ ਮਿਲੇਗਾ।

**ਕੁੰਵਰ ਵਿਜੈ ਪ੍ਰਤਾਪ ਸਿੰਘ**: ਤੁਸੀਂ ਮੈਨੂੰ ਟਾਈਮ ਦੇ ਦੇਣਾ। ਕਿਸਾਨੀ ਦਾ ਵੀ ਹੈ, ਬਰਗਾੜੀ ਦਾ ਵੀ ਹੈ। ਲੇਕਿਨ ਮੈਨੂੰ ਇਸ ਕੁਰੱਪਸ਼ਨ ਅਤੇ ਮਾਫੀਆ ਸਿਸਟਮ ਨੂੰ ਦੇਖਦਿਆਂ 25 ਸਾਲ ਹੋ ਗਏ ਹਨ। ਮੈਂ ਨੌਕਰੀ ਵੀ ਛੱਡ ਦਿੱਤੀ ਜਦਕਿ ਮੇਰੀ ਹਾਲੇ 9 ਸਾਲ ਦੀ ਨੌਕਰੀ ਬਕਾਇਆ ਸੀ। ਤੁਹਾਨੂੰ ਪਤਾ ਹੈ ਕਿ ਮੈਨੂੰ ਕਿਨ੍ਹਾਂ ਹਾਲਤਾਂ ਵਿੱਚ ਨੌਕਰੀ ਛੱਡਣੀ ਪਈ ਔਰ ਅਸੀਂ ਕੀ ਸੋਚ ਕੇ ਆਏ ਸੀ ਲੇਕਿਨ ਸਾਰੇ ਸਿਸਟਮ ਨੂੰ ਮਾਫੀਆ ਚਲਾਉਂਦਾ ਹੈ ਅਤੇ ਜੇਕਰ ਅਸੀਂ ਮਾਫੀਆ ਨੂੰ ਬ੍ਰੇਕ ਕਰਦੇ ਹਾਂ ਤਾਂ ਫੇਰ ਰਾਮ ਰਾਜ ਆ ਜਾਂਦਾ ਹੈ। ਤੁਸੀਂ ਮਾਫੀਆ ਸਿਸਟਮ ਨੂੰ ਬ੍ਰੇਕ ਕਰੋ। ਤੁਹਾਡੀ ਇਸ ਚੇਅਰ ਵਿੱਚ ਬਹੁਤ ਪਾਵਰ ਹੈ।

**Mr. Speaker** : Thank you.

**ਕੁੰਵਰ ਵਿਜੈ ਪ੍ਰਤਾਪ ਸਿੰਘ**: ਇਸ ਪਵਿੱਤਰ ਸਦਨ ਵਿੱਚ ਬਹੁਤ ਪਾਵਰ ਹੈ। ਅਸੀਂ ਸਾਰੇ ਮਿਲ ਕੇ ਕੁਰੱਪਸ਼ਨ ਹੀ ਨਹੀਂ, ਸੁਸਾਇਟੀ ਵਿਚਲੀ ਹਰ ਤਰੀਕੇ ਦੀ ਬਿਮਾਰੀ ਨੂੰ ਦੂਰ ਕਰ ਸਕਦੇ ਹਾਂ। Thank you very much.

**Mr. Speaker** : Thank you. ਬਾਜਵਾ ਸਾਹਿਬ, ਤੁਹਾਡਾ ਇਸ ਬਾਰੇ ਕੀ ਵਿਊ ਹੈ?

**ਸਰਦਾਰ ਪਰਗਟ ਸਿੰਘ ਪੋਆਰ (ਜਲੰਧਰ ਛਾਉਣੀ)** : ਸਰ, ਮੈਂ ਇਕ ਮਿੰਟ ਲੈਣਾ ਚਾਹੁੰਦਾ ਹਾਂ।

**ਮਾਣਯੋਗ ਸਪੀਕਰ** : ਤੁਸੀਂ ਵੀ ਪੁਲਿਸ ਵਿੱਚ ਰਹੇ ਹੋ। ਹਾਂ ਜੀ, ਬੋਲੋ।

**ਸਰਦਾਰ ਪਰਗਟ ਸਿੰਘ ਪੋਆਰ**: ਸਰ, ਖੁੱਲ੍ਹ ਕੇ ਗੱਲ ਹੋਣ ਲੱਗ ਪਈ ਹੈ। ਅੱਜ ਮੈਂ ਇਹ ਗੱਲ ਦਾਅਵੇ ਨਾਲ ਕਹਿ ਸਕਦਾ ਹਾਂ ਕਿ ਮੈਨੂੰ ਲਗਦਾ ਹੈ ਕਿ ਅੱਜ ਹਰ ਥਾਣੇ ਵਿੱਚ 2 ਜਾਂ 3 ਇੰਪਲਾਈ ਡਰੱਗ ਅਡਿਕਟ ਹੋ ਚੁੱਕੇ ਹਨ। ਮੈਂ ਪਿਛਲੇ ਦੋ ਚੀਫ ਮਨਿਸਟਰਜ਼ ਨੂੰ ਆਪ ਰਿਕੁਐਸਟ ਕੀਤੀ ਹੈ ਕਿ ਇਨ੍ਹਾਂ ਦਾ ਡੋਪ ਟੈਸਟ ਕਰਵਾ ਲਓ ਲੇਕਿਨ ਜਦੋਂ ਜਦੋਂ ਵੀ ਇਹ ਗੱਲ ਹੁੰਦੀ ਹੈ, ਉਦੋਂ ਗੱਲ ਇੱਥੇ ਆ ਕੇ ਖੜ੍ਹ ਜਾਂਦੀ ਹੈ ਕਿ ਪੰਜਾਬ ਪੁਲਿਸ ਦਾ ਮੋਰੇਲ ਬੜਾ ਡਾਊਨ ਹੋ ਜਾਵੇਗਾ।

ਤਿੰਨ ਕਰੋੜ ਲੋਕਾਂ ਦਾ ਕੋਈ ਫਿਕਰ ਨਹੀਂ ਹੈ ਲੇਕਿਨ ਜਦੋਂ ਪੰਜ ਤੋਂ ਸੱਤ ਹਜ਼ਾਰ ਬਲੈਕ ਸ਼ੀਪ, ਡਰੱਗ ਅਡਿਕਟ ਥਾਣੇ ਵਿੱਚ ਲੱਗਦੇ ਹਨ, ਉਨ੍ਹਾਂ ਨੇ ਉਸ ਨੂੰ ਪ੍ਰੋਟੈਕਟ ਕਰਨਾ ਹੈ, ਚਾਹੇ ਜਿਹੜਾ ਮਰਜ਼ੀ ਚੀਫ ਮਨਿਸਟਰ ਸਟੇਟਮੈਂਟ ਦੇ ਦੇਵੇ ਕਿ ਮੈਂ ਚਾਰ ਮਹੀਨਿਆਂ ਵਿੱਚ ਖਤਮ ਕਰ ਦੇਵਾਂਗਾ, ਮੈਂ ਚਾਰ ਹਫਤਿਆਂ ਵਿੱਚ ਖਤਮ ਕਰ ਦੇਵਾਂਗਾ। ਮੈਂ ਦਾਅਵੇ ਨਾਲ ਕਹਿ ਸਕਦਾ ਹਾਂ ਕਿ ਆਪਾਂ ਜਿੰਨੀ ਮਰਜ਼ੀ ਲੱਗੇ ਰਹੀਏ, ਮੈਂ ਇਕੋ ਰਿਕੁਐਸਟ ਕਰਦਾ ਹਾਂ ਕਿ ਆਪਣੇ ਸਾਰੇ ਹੀ, ਆਪੋਜ਼ੀਸ਼ਨ ਬੈਂਚਿਜ਼ ਅਤੇ ਟਰੇਜ਼ਰੀ ਬੈਂਚਿਜ਼, ਲੋਕਾਂ ਵਿੱਚ ਸਾਡੀ ਇਮੇਜ਼ ਇਹ ਹੈ ਕਿ ਲੋਕ ਸਾਨੂੰ ਬਹੁਤ ਮਾੜੀ ਨਿਗਾਹ ਨਾਲ ਦੇਖਦੇ ਹਨ। ਜੇਕਰ ਆਪਣੇ ਤੱਕ ਕਿਸੇ ਨੂੰ ਕੋਈ ਕੰਮ ਨਾ ਹੋਵੇ ਤਾਂ ਆਪਾਂ ਨੂੰ ਕੋਈ ਚਾਹ ਵੀ ਨਾ ਪਿਲਾਵੇ। ਰਿਐਲਟੀ ਇਹ ਹੈ। ਸੋ, ਇਸ ਕਰਕੇ ਆਪਾਂ ਥੋੜ੍ਹਾ ਜਿਹਾ ਖੜ੍ਹੀਏ। ਤੁਸੀਂ 10 ਦਿਨ ਇਨ੍ਹਾਂ ਨੂੰ ਬੋਲਣ ਦਿਓ, ਸਾਨੂੰ ਬੋਲਣ ਦਿਓ ਕਿਉਂਕਿ end of the day, leader of the House ਨੇ ਹੀ ਬੋਲਣਾ ਹੁੰਦਾ ਹੈ। ਸਮਾਂ ਤਾਂ ਲੰਘ ਜਾਣਾ ਹੈ, ਪਿਛਲਾ 76-77 ਸਾਲ ਦਾ ਸਮਾਂ ਵੀ ਲੰਘ ਗਿਆ ਹੈ ਤੇ ਇਹ ਦੋ-ਢਾਈ ਸਾਲ ਵੀ ਲੰਘ ਜਾਣੇ ਹਨ। ਪਤਾ ਨਹੀਂ ਕਿਸ ਨੇ ਆਉਣਾ ਹੈ ਅਤੇ ਕਿਸ ਨੇ ਨਹੀਂ ਆਉਣਾ ਲੇਕਿਨ ਇਹ ਗੱਲ ਜ਼ਰੂਰ ਹੋਣੀ ਹੈ ਕਿ ਜਦੋਂ ਸਾਡੇ ਸਪੀਕਰ ਸੰਧਵਾਂ ਸਾਹਿਬ ਸਨ, ਉਦੋਂ ਇਹੋ ਜਿਹਾ ਰੈਵੋਲਿਊਸ਼ਨ ਆਇਆ ਸੀ, ਇਹੋ ਜਿਹੀਆਂ ਚੇਂਜਿਜ਼ ਆਈਆਂ ਸਨ ਪਰ ਜੇਕਰ ਆਪਾਂ ਡਰਦੇ ਰਹਿਣਾ ਹੈ, ਜਿਵੇਂ ਪਹਿਲਾਂ ਵਾਲੇ ਡਰਦੇ ਰਹੇ ਤਾਂ ਫੇਰ ਆਪਣੇ ਨਾਲ ਵੀ ਉਹੀ ਬਿਹੇਵ ਹੋਣਾ ਹੈ, ਜੋ ਦੂਜਿਆਂ ਨਾਲ ਹੋਇਆ ਹੈ।

**Mr. Speaker** : Thank you.

**ਸਰਦਾਰ ਪਰਗਟ ਸਿੰਘ ਪੋਆਰ** : ਸੋ, ਇਹ ਜਿਹੜੀ ਕੁਰੱਪਸ਼ਨ ਦੀ ਗੱਲ ਸ਼ੁਰੂ ਕੀਤੀ ਹੈ, ਡਰੱਗਜ਼ ਦੀ ਜਿਹੜੀ ਪ੍ਰਾਬਲਮ ਹੈ, ਹਰ ਥਾਣੇ ਵਿੱਚ ਜਿਹੜੇ 2-3 ਇੰਪਲਾਈ ਲੱਗੇ ਹੋਏ ਹਨ, ਕੁਝ ਚੰਗੇ ਆਫੀਸਰ ਵੀ ਹਨ, ਮੈਂ ਨਹੀਂ ਕਹਿੰਦਾ ਕਿ ਸਾਰੀ ਪੁਲਿਸ ਮਾੜੀ ਹੈ।

**ਮਾਣਯੋਗ ਸਪੀਕਰ** : ਸਾਰੀ ਪੁਲਿਸ ਮਾੜੀ ਨਹੀਂ ਹੈ। ਅਗਰ ਆਪਾਂ ਕਿਸੇ ਬਲੈਕ ਸ਼ੀਪ ਦੇ ਅਗੇਂਸਟ ਐਕਟ ਕਰਾਂਗੇ ਤਾਂ ਜਿਹੜੇ ਚੰਗੇ ਹਨ, ਉਨ੍ਹਾਂ ਨੂੰ ਸਗੋਂ ਹੋਰ ਉਤਸ਼ਾਹ ਮਿਲੇਗਾ ਕਿ ਅਸੀਂ ਕੰਮ ਕਰੀਏ। ਹਾਂ ਜੀ, ਬਾਜਵਾ ਜੀ।

**ਸਰਦਾਰ ਪ੍ਰਤਾਪ ਸਿੰਘ ਬਾਜਵਾ (ਕਾਦੀਆਂ)** : ਸਪੀਕਰ ਸਾਹਿਬ, ਤੁਹਾਡੇ ਨਾਲੋਂ ਜ਼ਿਆਦਾ ਤਜ਼ਰਬੇਕਾਰ ਅਤੇ ਸਿਆਣਾ ਇਸ ਹਾਊਸ ਵਿੱਚ ਕੋਈ ਨਹੀਂ ਹੈ। ਅਸੀਂ ਤਾਂ ਥੱਲੇ ਬੈਠੇ ਹਾਂ ਅਤੇ ਤੁਸੀਂ 30 ਫੁੱਟ ਸਾਡੇ ਤੋਂ ਉੱਤੇ ਬੈਠੇ ਹੋ।

**ਮਾਣਯੋਗ ਸਪੀਕਰ** : ਇਹ ਤੁਸੀਂ ਬਿਠਾਇਆ ਹੈ।

**ਸਰਦਾਰ ਪ੍ਰਤਾਪ ਸਿੰਘ ਬਾਜਵਾ**: ਤੁਹਾਡਾ bird's view ਹੈ। ਇਸ ਤੇ ਜਿੰਨਾ ਥੋੜ੍ਹਾ ਬੋਲੀਏ, ਉਨਾ ਚੰਗਾ ਹੈ। (ਹਾਸਾ) ਜਿਹੜੀ ਗੱਲ ਉਹ ਢਾਈ ਸਾਲਾਂ ਤੋਂ ਕਰਨੀ ਚਾਹੁੰਦੇ ਸਨ, ਉਨ੍ਹਾਂ ਕੁੰਵਰ ਵਿਜੈ ਪ੍ਰਤਾਪ ਜੀ ਨੂੰ ਤੁਸੀਂ ਮੌਕਾ ਨਹੀਂ ਦਿੱਤਾ। ਗੱਲ ਇਹ ਹੈ ਕਿ ਇਕ ਏਐਸਆਈ, ਜਿਸ ਦੇ ਕੋਲ ਇੱਕ ਗੈਂਗਸਟਰ ਦੇ ਸਿੱਧੇ ਪੈਸੇ ਜਮ੍ਹਾਂ ਹੋਏ ਹਨ, ਉਹ ਤਾਂ ਅੱਧਾ ਘੰਟਾ ਵੀ ਸਰਵਿਸ ਵਿੱਚ ਨਹੀਂ ਰਹਿਣਾ ਚਾਹੀਦਾ। He should have been immediately dismissed. Proceedings should have started against him. ਇਸ ਵਿੱਚ ਮੈਂ ਕਹਿਣਾ ਚਾਹੁੰਦਾ ਹਾਂ ਕਿ ਤੁਸੀਂ ਸਿੱਧਾ ਹੁਕਮ ਜਾਰੀ ਕਰੋ ਅਤੇ ਕਾਰਵਾਈ ਕਰਵਾਓ। ਸਪੀਕਰ ਸਾਹਿਬ, ਮੈਂ ਬਿਸ਼ਨੋਈ ਦੀ ਗੱਲ ਕੀਤੀ ਸੀ, ਇਕ ਪੁਲਿਸ ਸਟੇਸ਼ਨ ਵਿੱਚ ਬੈਠ ਕੇ ਐਸਪੀ

ਆਪਣੇ ਟੈਲੀਫੋਨ ਤੋਂ ਇਕ ਘੰਟੇ ਦੀ ਇੰਟਰਵਿਊ ਕਰਵਾਉਂਦਾ ਹੈ, ਉਸ ਐਸਪੀ ਨੂੰ ਤਾਂ ਕਿਸੇ ਨੇ ਪੁੱਛਿਆ ਨਹੀਂ। ਜੇ ਇੱਕ ਛੋਟੇ ਜਿਹੇ ਏਐਸਆਈ ਨੂੰ ਕੱਢ ਵੀ ਦੇਵਾਂਗੇ ਤਾਂ ਕੋਈ ਫਰਕ ਨਹੀਂ ਪੈਣਾ ਜਾਂ ਫੇਰ ਕਾਰਵਾਈ should start from the top.

**Mr. Speaker** : Thank you.

**1525/Beant kaur/Rajneesh kumar**

**ਸਰਦਾਰ ਪ੍ਰਤਾਪ ਸਿੰਘ ਬਾਜਵਾ**: ਸਰ, it should start from the top. ਹੁਣ ਚੀਫ ਮਨਿਸਟਰ ਸਾਹਿਬ ਨੂੰ ਦੋ ਸਵਾਲ ਪੁੱਛੇ। ਸਰਦਾਰ ਪਰਗਟ ਸਿੰਘ ਨੂੰ ਇਨਕੰਵੀਨੀਐਂਟ ਸਵਾਲ ਦਾ ਜਵਾਬ ਹੀ ਨਹੀਂ ਦਿੱਤਾ। ਬਾਬੇ ਤੇ ਐਕਸ਼ਨ ਢਾਈ ਸਾਲਾਂ ਤੋਂ ਕਿਉਂ ਨਹੀਂ ਕੀਤਾ? ਉਹ ਕੀਤਾ ਨਹੀਂ। ਜਿਹੜਾ ਥੋੜ੍ਹਾ ਮੋਟਾ ਸੌਰ ਸਕਦਾ ਸੀ, ਅਗਲੇ ਹਫ਼ਤੇ ਜਾਂ 10 ਦਿਨ ਪਾ ਕੇ ਉਥੋਂ ਜਵਾਬ ਦੇ ਕੇ ਚਲੇ ਗਏ। ਸੋ, ਇਥੇ ਕੰਮ ਹੀ ਇਸ ਕਿਸਮ ਦਾ ਚਲਦਾ ਹੈ। ਜਾਂ ਤਾਂ ਸਾਰਿਆਂ ਨੂੰ ਬਿਲਕੁਲ ਪੂਰਾ ਟਾਈਮ ਦਿਉ। ਜੇ 10-10 ਮਿੰਟ ਵੀ ਦਿਉਗੇ ਤਾਂ ਸਾਰਾ ਕੰਮ ਤੁਹਾਡੇ ਸਾਹਮਣੇ ਆ ਜਾਵੇਗਾ। ਮੇਰੀ ਗੁਜਾਰਿਸ਼ ਇੰਨੀ ਹੈ, ਇਸੇ ਗੱਲ ਕਾਰਨ ਹੀ ਮੈਂ ਰਿਕੁਐਸਟ ਕਰ ਰਿਹਾ ਸੀ ਕਿ ਜਿੰਨਾ ਵਕਤ ਵੱਧ ਦਿਉਗੇ, ਇੱਕ ਇੱਕ ਅਫ਼ਸਰ, ਇੱਕ ਇੱਕ ਮਹਿਕਮਾ, threadbare ਡਿਸਕਸ਼ਨ ਹੋਵੇਗੀ, ਸਭ ਕੁਝ ਤੁਹਾਡੇ ਸਾਹਮਣੇ ਆ ਜਾਵੇਗਾ।

**ਮਾਣਯੋਗ ਸਪੀਕਰ**: ਥੈਂਕਿਊ ਜੀ। ਸਰਦਾਰ ਕੁਲਜੀਤ ਸਿੰਘ ਰੰਧਾਵਾ ਜੀ।

**ਸਰਦਾਰ ਕੁਲਜੀਤ ਸਿੰਘ ਰੰਧਾਵਾ (ਡੇਰਾਬੱਸੀ)**: ਬਹੁਤ ਸਤਿਕਾਰਯੋਗ ਸਪੀਕਰ ਸਾਹਿਬ, ਮੈਂ ਇੱਕ ਬੜੇ ਅਹਿਮ ਅਤੇ ਸੈਂਸੇਟਿਵ ਮੁੱਦੇ ਤੇ ਗੱਲ ਕਰਨ ਲੱਗਿਆ ਹਾਂ ਜੀ। ਜਿਸ ਦੇ ਨਾਲ ਸਾਰਾ ਹਾਊਸ ਸਹਿਮਤ ਹੋਵੇਗਾ ਕਿ ਪੰਜਾਬ ਵਿੱਚ ਇੱਕ ਬੜਾ ਵੱਡਾ ਇਸ਼ੂ ਪੈਦਾ ਹੋਇਆ ਹੈ, ਜਿਵੇਂ ਕਿਸਾਨ ਅੰਦੋਲਨ ਚੱਲ ਰਿਹਾ ਹੈ। ਮੈਂ ਤੁਹਾਡੀ ਮਾਰਫਤ ਪੰਜਾਬ ਸਰਕਾਰ ਨੂੰ ਤੇ ਸੀ.ਐਮ. ਸਾਹਿਬ ਨੂੰ ਗੁਜਾਰਿਸ਼ ਕਰਾਂਗਾ, ਜਿਵੇਂ ਸਾਡੇ ਭਰਾ ਬਾਜਵਾ ਸਾਹਿਬ ਨੇ ਸੁੱਚੇ ਮੂੰਹ ਵਾਲੀ ਗੱਲ ਕੀਤੀ ਹੈ, ਅਸੀਂ ਸੁੱਚੇ ਮੂੰਹ ਤਾਂ ਨਹੀਂ ਗਏ, ਅਸੀਂ ਤਾਂ ਹਰ ਰੋਜ਼ ਜਦੋਂ ਵੀ ਆਏ ਹਾਂ, ਜੂਠਾ ਮੂੰਹ ਕਰਕੇ ਗਏ ਹਾਂ।

ਸਪੀਕਰ ਸਾਹਿਬ, ਅੱਜ ਪੰਜਾਬ ਦੇ ਅੰਦਰ ਜੋ ਪੰਜਾਬ ਦੇ ਟਰਾਂਸਪੋਰਟਰਾਂ ਦੇ ਹਾਲਾਤ ਹਨ, ਪੰਜਾਬ ਦੇ ਅੰਦਰ ਲੱਖਾਂ ਲੋਕ ਹਨ, ਜਿਨ੍ਹਾਂ ਵਿਚੋਂ 90,000 ਦੇ ਕਰੀਬ ਟਰਾਂਸਪੋਰਟਰ ਹਨ ਜੀ। ਮੈਂ ਸਿਰਫ ਵੱਡੇ ਟਰੱਕਾਂ ਦੀ ਗੱਲ ਕਰਦਾ ਹਾਂ। ਜਿਸ ਵਿੱਚੋਂ 35,000-40,000 ਬੱਸਾਂ ਵਾਲੇ ਹੋਣਗੇ, ਫੋਰ ਵੀਲ੍ਹਰ ਹੋਵੇਗਾ, ਕੈਂਟਰ ਹੋਣਗੇ। ਲੇਕਿਨ ਅੱਜ ਪੰਜਾਬ ਦੇ ਬੱਚੇ ਅਮਰੀਕਾ ਤੇ ਕੈਨੇਡਾ ਵਰਗੇ ਦੇਸ਼ਾਂ ਵਿੱਚ ਕਿਉਂ ਜਾ ਰਹੇ ਹਨ? ਸਾਨੂੰ ਸਾਰੇ ਹਾਊਸ ਨੂੰ ਇਸ ਦੇ ਬਾਰੇ ਚਿੰਤਾ ਕਰਨੀ ਚਾਹੀਦੀ ਹੈ। ਪੂਰੇ ਪੰਜਾਬ ਨੂੰ ਚਿੰਤਾ ਕਰਨੀ ਚਾਹੀਦੀ ਹੈ। ਜੇ ਕਿਸਾਨ ਦਾ ਇੱਕ ਪੁੱਤ ਖੇਤੀ ਕਰਦਾ ਹੈ ਤੇ ਦੂਜੇ ਪੁੱਤ ਨੂੰ ਉਸ ਨੇ ਕਹਿ ਦਿੱਤਾ ਕਿ ਕਾਕਾ ਜਾਹ, ਤੂੰ ਆਪਣਾ ਟਰੱਕ ਪਾ ਲੈ ਅਤੇ ਰੁਜ਼ਗਾਰ ਕਮਾ ਲੈ। ਲੇਕਿਨ ਪੰਜਾਬ ਵਿੱਚ ਅੱਜ ਤੱਕ, ਪਿਛਲੀ ਸਰਕਾਰ ਦੇ ਵਿੱਚ ਵੀ, ਮੈਂ ਜ਼ਰੂਰ ਭਾਈ (ਮੰਤਰੀ) ਸਾਹਿਬ ਨੂੰ ਕਹਿਣਾ ਚਾਹਾਂਗਾ ਕਿ ਟਰਾਂਸਪੋਰਟਰ ਦਾ ਜਿਹੜਾ ਕਤਲ ਕੀਤਾ ਗਿਆ ਹੈ, ਉਨ੍ਹਾਂ ਨੂੰ ਰੋਟੀ ਖਾਣ ਤੋਂ ਮੁਹਤਾਜ ਕੀਤਾ ਗਿਆ ਹੈ, ਸਾਡੀ ਸਰਕਾਰ ਨੇ ਐਫਰਟਸ ਕੀਤੇ ਹਨ। ਸਪੀਕਰ ਸਾਹਿਬ, ਲੇਕਿਨ ਅਜੇ ਵੀ ਕਿਤੇ ਨਾ ਕਿਤੇ ਕਮੀ ਹੈ। ਜੇਕਰ ਅਸੀਂ ਵਧੀਆ ਟਰਾਂਸਪੋਰਟ ਪਾਲਿਸੀ ਨਹੀਂ ਲੈ ਕੇ ਆਵਾਂਗੇ ਤਾਂ ਜਿਥੇ ਕਿਸਾਨਾਂ ਦੇ ਧਰਨੇ ਲੱਗ ਰਹੇ ਹਨ, ਜਿਥੇ ਇਹ ਸਾਰਾ ਕੁਝ ਹੋ ਰਿਹਾ ਹੈ, ਅੱਜ ਪੰਜਾਬ

ਦਾ ਟਰਾਂਸਪੋਰਟਰ ਤੁਹਾਡੇ ਵੱਲ ਅਤੇ ਪੰਜਾਬ ਵੱਲ ਦੇਖ ਰਿਹਾ ਹੈ। ਮੈਨੂੰ ਬੜੀ ਖੁਸ਼ੀ ਹੈ ਕਿ ਸਾਡੇ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਜੀ ਨੇ ਅਤੇ ਸ੍ਰੀ ਕੇਜਰੀਵਾਲ ਜੀ, ਜਦੋਂ ਛੱਤ ਲਾਈਟਾਂ ਤੇ ਆਏ ਸੀ, ਉਨ੍ਹਾਂ ਨੇ ਇੱਕ ਵਾਅਦਾ ਕੀਤਾ ਸੀ ਕਿ ਅਸੀਂ ਅੱਛੀ ਟਰਾਂਸਪੋਰਟ ਪਾਲਿਸੀ ਬਣਾਵਾਂਗੇ। ਸਪੀਕਰ ਸਾਹਿਬ, ਮੈਂ ਤੁਹਾਡੇ ਜ਼ਰੀਏ ਉਮੀਦ ਕਰਾਂਗਾ ਕਿ ਅੱਜ ਸਾਡੇ ਬੱਚੇ ਅਮਰੀਕਾ ਤੇ ਕੈਨੇਡਾ ਵਰਗੇ ਬਾਹਰਲੇ ਦੇਸ਼ਾਂ ਵਿੱਚ ਨਾ ਜਾਣ ਅਤੇ ਪੰਜਾਬ ਦੇ ਨੌਜਵਾਨ ਬੱਚਿਆਂ ਨੂੰ ਇੱਥੇ ਹੀ ਰੁਜ਼ਗਾਰ ਮਿਲੇ। ਅੱਜ ਪੰਜਾਬ ਦਾ ਟਰਾਂਸਪੋਰਟਰ ਹਰ ਚੌਕ ਤੇ ਬੈਠ ਕੇ ਸਾਡੀ ਸਰਕਾਰ ਤੋਂ ਉਮੀਦ ਕਰਦਾ ਹੈ ਕਿ ਅਸੀਂ ਕਿਹੜੀ ਟਰਾਂਸਪੋਰਟ ਪਾਲਿਸੀ ਲੈ ਕੇ ਆ ਰਹੇ ਹਾਂ। ਮੈਂ ਟਰਾਂਸਪੋਰਟ ਮੰਤਰੀ ਸਾਹਿਬ ਨਾਲ ਵੀ ਦੋ ਵਾਰ ਮੀਟਿੰਗ ਕੀਤੀ ਹੈ। ਸਾਡੇ ਐਫ.ਸੀ.ਆਈ. ਵਿਭਾਗ ਦੇ ਖੁਰਾਕ ਤੇ ਸਿਵਲ ਸਪਲਾਈਜ਼ ਮੰਤਰੀ ਸਾਹਿਬ ਇਥੇ ਬੈਠੇ ਹਨ, ਮੈਂ ਇਨ੍ਹਾਂ ਨਾਲ ਵੀ ਮੀਟਿੰਗ ਕੀਤੀ ਹੈ। ਇਹ ਕੰਮ ਬਹੁਤ ਨੇੜੇ ਲੱਗ ਚੁੱਕਾ ਹੈ। ਸਿਰਫ ਮਾੜੀ ਜਿਹੀ ਚੂੰਢੀ ਵੱਢਣ ਦੀ ਲੋੜ ਹੈ। ਸਪੀਕਰ ਸਾਹਿਬ, ਤੁਹਾਨੂੰ ਪੰਜਾਬ ਅਤੇ ਪੰਜਾਬ ਦਾ ਟਰਾਂਸਪੋਰਟਰ ਅਸੀਸਾਂ ਦੇਵੇਗਾ ਜੀ। ਧੰਨਵਾਦ।

**ਮਾਣਯੋਗ ਸਪੀਕਰ:** ਥੈਂਕਿਊ। ਮੈਂ ਹਾਊਸ ਤੋਂ ਥੋੜ੍ਹੀ ਜਿਹੀ ਇਜਾਜ਼ਤ ਲੈਣੀ ਚਾਹੁੰਦਾ ਹਾਂ ਕਿ ਮੈਨੂੰ ਇਹ ਗੱਲ ਕਾਫ਼ੀ ਡਿਸਟਰਬ ਕਰਦੀ ਹੈ, ਜਦੋਂ ਵਾੜ ਹੀ ਖੇਤ ਨੂੰ ਖਾਣ ਲੱਗ ਜਾਵੇ। ਸੋ, ਉਸ ਦੇ ਵਿੱਚ ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਸਦਨ ਵੱਲੋਂ ਡੀ.ਜੀ.ਪੀ., ਪੰਜਾਬ ਨੂੰ ਇਹ ਹੁਕਮ ਕੀਤਾ ਜਾਵੇ ਕਿ ਐਫ.ਆਈ.ਆਰ. ਨੰ. 180 ਪੁਲਿਸ ਸਟੇਸ਼ਨ ਸਿਟੀ ਕੋਟਕਪੂਰਾ ਦੇ ਸਬੰਧ ਵਿੱਚ ਕੱਲ੍ਹ ਮਿਤੀ 3 ਸਤੰਬਰ, 2024 ਤੱਕ ਪੂਰੀ ਰਿਪੋਰਟ ਸਦਨ ਵਿੱਚ ਲੈ ਕੇ ਆਉਣ ਔਰ ਉਸ ਵਿੱਚ ਧਾਰਾ 311 ਅਧੀਨ ਕਾਰਵਾਈ ਕੀਤੀ ਜਾ ਸਕਦੀ ਹੈ ਜਾਂ ਨਹੀਂ, ਉਸ ਸਬੰਧੀ ਵੀ ਰਿਪੋਰਟ ਲੈ ਕੇ ਆਉਣ। ਉਸ ਵਿੱਚ ਇੱਕ ਗੱਲ ਹੋਰ ਹੈ ਕਿ ਉਸ ਕਰਾਈਮ ਰਿਪੋਰਟ ਨੂੰ ਮੀਡੀਆ ਵਿੱਚ ਨਹੀਂ ਜਾਣ ਦਿੱਤਾ ਜਿਹੜੀ ਕਿ ਜਾਂਦੀ ਹੁੰਦੀ ਹੈ ਅਤੇ ਇਸ ਐਫ.ਆਈ.ਆਰ. ਨੂੰ ਵੀ ਮੀਡੀਆ ਵਿੱਚ ਨਹੀਂ ਜਾਣ ਦਿੱਤਾ ਗਿਆ। ਉਸ ਦਿਨ ਕਿਹੜੇ ਪਾਲੇਟੀਸ਼ੀਅਨ ਨਾਲ ਉਸ ਅਸਫਰ ਦੀ, ਮਤਲਬ, ਜਿਸ ਦੇ ਵਿਰੁੱਧ ਐਫ.ਆਈ.ਆਰ. ਦਰਜ ਹੋਈ ਹੈ, ਦੀ ਗੱਲ ਹੋਈ ਜਿਸ ਨੇ ਉਸ ਨੂੰ ਬਚਾਉਣ ਦੀ ਕੋਸ਼ਿਸ਼ ਕੀਤੀ। ਮੇਰਾ ਖਿਆਲ ਹੈ ਕਿ ਆਪਾਂ ਨੂੰ ਉਨ੍ਹਾਂ ਬਾਰੇ ਵੀ ਪਤਾ ਹੋਣਾ ਚਾਹੀਦਾ ਹੈ ਕਿ ਸਾਡੇ ਵਿੱਚ ਵੀ ਕਿਹੜੀਆਂ ਕਾਲੀਆਂ ਭੇਡਾਂ ਹਨ।

ਸੋ, ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਇਹ ਇਨਫਰਮੇਸ਼ਨ ਡੀ.ਜੀ.ਪੀ., ਪੰਜਾਬ ਤੋਂ ਮੰਗ ਲਈ ਜਾਵੇ?

(**ਅਵਾਜ਼ਾਂ**: ਹਾਂ ਜੀ, ਹਾਂ ਜੀ)

(ਇਸ ਸਮੇਂ ਆਪੋਜੀਸ਼ਨ ਬੈਂਚਿਜ ਵਲੋਂ ਕੁਝ ਮੈਂਬਰਜ਼ ਖੜ੍ਹੇ ਹੋ ਕੇ ਬੋਲਣ ਲੱਗ ਪਏ) (ਵਿਘਨ)

**ਮਾਣਯੋਗ ਸਪੀਕਰ** : ਇੱਕ ਮਿੰਟ ਜੀ। ਮੇਰਾ ਖਿਆਲ ਹੈ ਕਿ ਆਪਾਂ ਇਹ ਗੱਲ ਇੱਥੇ ਲੈ ਆਈਏ ਜੀ। ਫਿਰ ਆਪਾਂ ਦੇਖ ਲਵਾਂਗੇ। ਥੈਂਕਿਊ।

**ਸਰਦਾਰ ਪ੍ਰਤਾਪ ਸਿੰਘ ਬਾਜਵਾ**: ਸਪੀਕਰ ਸਾਹਿਬ, ਮੇਰੀ ਗੁਜਾਰਿਸ਼ ਸੁਣ ਲਵੋ ਜੀ। ਤੁਸੀਂ ਬਹੁਤ ਅੱਛਾ ਕਦਮ ਉਠਾ ਰਹੇ ਹੋ। ਤੁਹਾਡੇ ਇਸ ਕਦਮ ਨੂੰ ਲੋਕ ਲੰਬਾ ਅਰਸਾ ਯਾਦ ਰੱਖਣਗੇ। ਪਰ ਲਾਰੈਂਸ ਬਿਸ਼ਨੋਈ ਨੂੰ ਵੀ ਵਿੱਚ ਹੀ ਰੱਖ

ਲਈਏ, ਉਸ ਅਫ਼ਸਰ ਦੀ ਕਾਰਵਾਈ ਵੀ ਵਿੱਚ ਹੀ ਪਾਈਏ ਜੀ। ਇੱਧਰ ਧਿਆਨ ਹੀ ਨਹੀਂ ਕਰਦੇ। ਮਾਣਯੋਗ ਸਪੀਕਰ ਸਾਹਿਬ, ਤੁਸੀਂ ਇੰਨੇ ਚੰਗੇ ਹੋ, ਤੁਹਾਡਾ ਮੂਡ ਅੱਜ ਇੰਨਾ ਚੰਗਾ ਹੈ, ਸਾਰੇ ਪੰਜਾਬ ਨੂੰ ਇਸ ਤੋਂ ਲਾਭ ਮਿਲਣਾ ਹੈ। ਕਈ ਸਾਲਾਂ ਤੋਂ ਬਾਅਦ, ਕਈ ਦਹਾਕਿਆਂ ਤੋਂ ਬਾਅਦ ਬਲੈਕ ਸ਼ੀਪ ਦੇ ਅਗੇਂਸਟ ਐਕਸ਼ਨ ਹੋਣ ਵਾਲਾ ਹੈ, ਮੈਂ ਚਾਹਵਾਂਗਾ ਕਿ ਉਹ ਪੁਲਿਸ ਅਫਸਰ, ਜਿਸ ਨੇ ਲਾਰੈਂਸ ਬਿਸ਼ਨੋਈ ਦੀ ਇੰਟਰਵਿਊ ਕਰਵਾਈ ਹੈ, ਖਰੜ ਦੇ ਸੀ.ਆਈ.ਏ ਵਿੱਚ ਇੰਟਰਵਿਊ ਕਰਵਾਈ ਹੈ, ਜਿਸ ਨੇ ਆਪਣਾ ਫੋਨ ਦਿੱਤਾ ਹੈ।

**1530/Karamjit kaur/Monika sharma**

ਐਡਾ ਬੱਜਰ ਗੁਨਾਹ ਕੀਤਾ ਹੈ, ਉਸਦਾ ਨਾਮ ਵੀ ਤੁਹਾਡੀ ਇਸ ਤਾਮਲੀਗੀ ਦੇ ਵਿਚ ਜੋੜ ਦਿੱਤਾ ਜਾਵੇ ਜੀ।

**ਵਿੱਤ ਮੰਤਰੀ (ਸਰਦਾਰ ਹਰਪਾਲ ਸਿੰਘ ਚੀਮਾ)**: ਸਪੀਕਰ ਸਾਹਿਬ, ਤੁਹਾਡੀ ਚੇਅਰ ਕੋਲ ਬਹੁਤ ਪਾਵਰਜ਼ ਹਨ, ਤੁਸੀਂ ਕਿਸੇ ਵੀ ਅਫ਼ਸਰ ਕੋਲੋਂ ਕੋਈ ਵੀ ਰਿਪੋਰਟ ਮੰਗਵਾ ਸਕਦੇ ਹੋ। ਸੋ, ਮੈਂ ਸਮਝਦਾ ਹਾਂ ਕਿ ਇਸ ਲਈ ਸਦਨ ਦੀ ਸਹਿਮਤੀ ਦੀ ਕੋਈ ਜ਼ਿਆਦਾ ਜ਼ਰੂਰਤ ਨਹੀਂ ਹੈ। ਦੂਸਰਾ ਜਿਹੜਾ ਮਸਲਾ ਵਿਰੋਧੀ ਧਿਰ ਦੇ ਨੇਤਾ ਵੱਲੋਂ ਉਠਾਇਆ ਗਿਆ ਹੈ, ਉਸ ਮਸਲਾ ਆਲਰੇਡੀ ਮਾਣਯੋਗ ਹਾਈ ਕੋਰਟ ਵਿਚ ਵਿਚਾਰ ਅਧੀਨ ਹੈ। ਇਹ ਮੈਟਰ ਸਬ-ਜੁਡਿਸ ਹੈ। ਸੋ, ਮੈਂ ਸਮਝਦਾ ਹਾਂ ਕਿ ਇਸ ਮਸਲੇ ਤੇ ਸਾਨੂੰ ਜ਼ਿਆਦਾ ਡਿਸਕਸ਼ਨ ਕਰਨ ਦੀ ਲੋੜ ਨਹੀਂ ਹੈ। ਮਾਣਯੋਗ ਹਾਈਕੋਰਟ ਦੇ ਜੱਜ ਸਾਹਿਬਾਨ ਨੇ ਇਸ ਤੇ ਫੈਸਲਾ ਲੈਣਾ ਹੈ। ਇਹ ਮਸਲਾ ਕੇਵਲ ਪੰਜਾਬ ਨਾਲ ਸਬੰਧਤ ਨਹੀਂ ਹੈ। ਇਸ ਵਿਚ ਰਾਜਸਥਾਨ ਵੀ ਆਉਂਦਾ ਹੈ। (ਵਿਘਨ..ਸ਼ੋਰ)

(ਇਸ ਸਮੇਂ ਵਿਰੋਧੀ ਧਿਰ ਦੇ ਨੇਤਾ ਸਰਦਾਰ ਪ੍ਰਤਾਪ ਸਿੰਘ ਬਾਜਵਾ ਸਮੇਤ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ ਸ੍ਰੀ ਸੁਖਵਿੰਦਰ ਸਿੰਘ ਕੋਟਲੀ, ਸਰਦਾਰ ਪਗਰਟ ਸਿੰਘ ਪੋਆਰ ਅਤੇ ਸਰਦਾਰ ਸੁਖਪਾਲ ਸਿੰਘ ਖਹਿਰਾ ਆਪਣੀਆਂ ਸੀਟਾਂ ਤੇ ਖੜੇ ਹੋ ਕੇ ਬਿਨਾ ਇਜਾਜ਼ਤ ਬੋਲ ਰਹੇ ਸਨ)

## RULING BY THE SPEAKER

**ਮਾਣਯੋਗ ਸਪੀਕਰ**: ਮੈਂ ਇਸ ਮਸਲੇ ਤੇ ਆਪਣੀ ਰੂਲਿੰਗ ਦਿੰਦਾ ਹਾਂ। ਜਿਹੜੇ ਵੀ ਮਾਮਲੇ ਮਾਣਯੋਗ ਹਾਈਕੋਰਟ ਦੇ ਵਿਚਾਰ ਅਧੀਨ ਹੁੰਦੇ ਹਨ। ਸਾਡੇ ਕਾਨੂੰਨ ਕਹਿੰਦੇ ਹਨ ਕਿ ਉਹ ਵਿਧਾਨ ਸਭਾ ਦੇ ਵਿਚ ਡਿਸਕਸ ਨਹੀਂ ਹੋਣਗੇ। ਤੁਸੀਂ ਬੈਠੋ ਜੀ।

------

## MATTERS RAISED DURING ZERO HOUR AND STATEMENT BY THE CHIEF MINISTER/MINISTERS THEREON *(RESUMPTION)*

**ਪ੍ਰਸ਼ਾਸਕੀ ਸੁਧਾਰ ਮੰਤਰੀ (ਸ੍ਰੀ ਅਮਨ ਅਰੋੜਾ)**: ਸਪੀਕਰ ਸਾਹਿਬ, ਜਿਹੜੀ ਤੁਸੀਂ ਗੱਲ ਕੀਤੀ ਹੈ। ਮੈਂ ਸਮਝਦਾ ਹਾਂ ਕਿ ਇਹ ਬਹੁਤ ਮਹੱਤਵਪੂਰਨ ਮਸਲਾ ਹੈ, ਬਹੁਤ ਵਜ਼ਨ ਵਾਲਾ ਮਸਲਾ ਹੈ ਅਤੇ ਇਸ ਤੇ ਕੰਮ ਕਰਨ ਦੀ ਲੋੜ ਹੈ।

ਇਸ ਵਿਚ ਮੇਰੀ ਬੇਨਤੀ ਹੈ ਕਿ ਸਾਡਾ ਸਾਰਿਆਂ ਦਾ ਕਨਸਰਨ ਕੇਵਲ ਇੰਨਾ ਹੈ ਕਿ ਤੁਹਾਡੇ ਕੋਲ ਸਾਰੀਆਂ ਪਾਵਰਜ਼ ਹਨ, ਤੁਸੀਂ ਕਿਸੇ ਵੀ ਅਫ਼ਸਰ ਕੋਲੋਂ ਜਿਹੜੀ ਮਰਜ਼ੀ ਰਿਪੋਰਟ ਮੰਗਵਾ ਸਕਦੇ ਹੋ।

**ਮਾਣਯੋਗ ਸਪੀਕਰ**: ਠੀਕ ਹੈ ਜੀ, ਮੈਂ ਚੇਅਰ ਤੋਂ ਮੰਗਵਾ ਲਵਾਂਗਾ।

**ਪ੍ਰਸ਼ਾਸਕੀ ਸੁਧਾਰ ਮੰਤਰੀ** : ਸਪੀਕਰ ਸਾਹਿਬ, ਇਹ ਤਾਂ ਕੇਵਲ ਇਕ ਘਟਨਾ ਹੋ ਗਈ ਪਰ ਅਜਿਹੀਆਂ ਸੈਂਕੜੇ ਘਟਨਾਵਾਂ ਹੋ ਸਕਦੀਆਂ ਹਨ, ਜਿਹੜੀਆਂ ਸਾਡੇ ਧਿਆਨ ਵਿਚ ਨਾ ਆਉਂਦੀਆਂ ਹੋਣ। ਸੋ, ਮੇਰੇ ਕਹਿਣ ਦਾ ਮਤਲਬ ਹੈ ਕਿ ਇਕ ਘਟਨਾ ਤੇ ਕੰਮ ਕਰਨ ਦੀ ਬਜਾਏ, ਤੁਸੀਂ ਦੋ ਚਾਰ ਮੈਂਬਰਾਂ ਨਾਲ ਸਲਾਹ ਮਸ਼ਵਰਾ ਕਰਕੇ ਟੋਟੈਲਟੀ ਵਿਚ ਮੁੱਖ ਮੰਤਰੀ ਜੀ ਨਾਲ ਸਲਾਹ ਕਰਕੇ, ਬਾਜਵਾ ਜੀ ਨਾਲ ਸਲਾਹ ਕਰਕੇ ਇਕ ਅਜਿਹਾ ਮਕੈਨੀਜ਼ਮ ਬਣਾ ਲਓ ਕਿ ਜਿੱਥੇ ਇਹੋ ਜਿਹੀ ਵਿਜ਼ੀਬਲ ਐਸਟੈਬਲਿਸ਼ ਕੁਰੱਪਸ਼ਨ ਹੁੰਦੀ ਹੈ, ਜਿੱਥੇ ਕੋਈ ਨੈਕਸਿਜ਼ ਜਾਪਦਾ ਹੈ, ਕੋਈ ਮਾਫ਼ੀਆ ਜਾਪਦਾ ਹੈ। ਜੇਕਰ ਆਪਾਂ ਇਕੱਲੀਆਂ ਇਕੱਲੀਆਂ ਘਟਨਾਵਾਂ ਤੇ ਕੰਮ ਕਰਨ ਲੱਗੇ ਪਏ ਤਾਂ that will make a pandora box. ਮੈਨੂੰ ਕੋਈ ਦਿੱਕਤ ਨਹੀਂ ਹੈ, ਇਨ੍ਹਾਂ ਮਾਮਲਿਆਂ ਤੇ ਬੋਲੋ ਪਰ ਆਪਣੇ ਕੋਲ ਦੋ ਦਿਨ ਹਨ, ਇਹ ਸਾਰਾ ਸਮਾਂ ਇਸ ਮਸਲੇ ਤੇ ਨਿਕਲ ਜਾਵੇਗਾ। ਸੋ, ਮੇਰੀ ਤੁਹਾਨੂੰ ਹੱਥ ਬੰਨ ਕੇ ਬੇਨਤੀ ਹੈ ਕਿ ਇਹ ਗਵਰਨੈਂਸ ਦਾ ਮਸਲਾ ਹੈ। ਗਵਰਨੈਂਸ ਉਹ ਹੁੰਦੀ ਹੈ ਜੋ ਆਟੋ ਮੋਡ ਤੇ ਹੋਵੇ। ਸੋ, ਇਹੋ ਜਿਹਾ ਕੋਈ ਮਕੈਨੀਜ਼ਮ ਬਣਾਉਣ ਵਾਲੇ ਪਾਸੇ ਚੱਲੋ। ਜੇਕਰ ਆਪਾਂ ਇਕ ਦੋ ਉਦਾਹਰਣਾਂ ਤੇ ਕੰਮ ਕਰਨ ਲੱਗ ਗਏ ਤਾਂ ਫਿਰ ਰਾਜਨੀਤੀ ਚੱਲੀ ਜਾਣੀ ਹੈ, ਕੰਮ ਦੀ ਗੱਲ ਕੋਈ ਹੋਣੀ ਨਹੀਂ, ਆਪਾਂ ਇਸੇ ਵਿਚ ਉਲਝ ਕੇ ਰਹਿ ਜਾਵਾਂਗੇ। ਸੋ, ਇਹ ਮੇਰੀ ਬੇਨਤੀ ਹੈ, ਬਾਕੀ ਜੋ ਤੁਹਾਡਾ ਹੁਕਮ ਹੋਵੇਗਾ, ਸਾਡੇ ਸਿਰ ਮੱਥੇ।

**ਸਰਦਾਰ ਪਰਗਟ ਸਿੰਘ ਪੋਆਰ**: ਸਪੀਕਰ ਸਾਹਿਬ, ਇਸੇ ਮਸਲੇ ਤੇ ਗੱਲ ਕਰਨੀ ਹੈ।

**ਮਾਣਯੋਗ ਸਪੀਕਰ**: ਆਪਾਂ ਕਰ ਲਵਾਂਗੇ, ਆਪਾਂ ਇੱਥੇ ਹੀ ਹਾਂ। We will do it.

**ਸ਼੍ਰੀ ਦਿਨੇਸ਼ ਕੁਮਾਰ ਚੱਢਾ (ਰੂਪਨਗਰ)**: ਸਪੀਕਰ ਸਾਹਿਬ, ਤੁਹਾਡਾ ਧੰਨਵਾਦ। ਮੈਂ ਸਰਕਾਰ ਦਾ ਧਿਆਨ ਮਾਤ ਭਾਸ਼ਾ ਪੰਜਾਬ ਨਾਲ ਜੁੜੇ ਇਕ ਅਹਿਮ ਮਸਲੇ ਤੇ ਦਿਵਾਉਣਾ ਚਾਹੁੰਦਾ ਹਾਂ ਕਿ ਪਿਛਲੇ ਸਮੇਂ ਦੌਰਾਨ ਸੂਬੇ ਵਿਚ ਪੰਜਾਬੀ ਭਾਸ਼ਾ ਨੂੰ ਲਾਗੂ ਕਰਨ ਲਈ ਜਿਹੜੇ ਕਾਨੂੰਨ ਬਣੇ ਹਨ, ਜਿਵੇਂ ਪੰਜਾਬੀ ਭਾਸ਼ਾ ਐਕਟ ਹੈ। ਉਸ ਵਿਚ ਜਿਹੜੀਆਂ ਸੈਂਟਰਲ ਅਥਾਰਟੀਜ਼ ਪੰਜਾਬੀ ਨੂੰ ਲਾਗੂ ਨਹੀਂ ਕਰਦੀਆਂ, ਉਨ੍ਹਾਂ ਖਿਲਾਫ਼ ਕਾਰਵਾਈ ਦਾ ਕੋਈ ਪ੍ਰਾਵਧਾਨ ਸ਼ਾਮਲ ਨਹੀਂ ਹੈ। ਜਿਹੜੀਆਂ ਸੈਂਟਰਲ ਅਥਾਰਿਟੀਜ਼ ਹਨ, ਜਿਵੇਂ ਨੈਸ਼ਨਲ ਹਾਈਵੇ ਅਥਾਰਟੀ ਆਫ ਇੰਡੀਆ ਹੈ, ਉਨ੍ਹਾਂ ਦੀਆਂ ਬਹੁਤ ਸ਼ਿਕਾਇਤਾਂ ਹੁੰਦੀਆਂ ਹਨ ਕਿ ਉਹ ਹਾਈਵੇ ਤੇ ਸਾਈਨ ਬੋਰਡ ਮਾਤ ਭਾਸ਼ਾ ਪੰਜਾਬੀ ਵਿਚ ਨਹੀਂ ਲਗਾਉਂਦੇ ਪਰ ਜਿਹੜਾ ਐਕਟ ਪਿਛਲੇ ਸਮੇਂ ਵਿਚ ਬਣਿਆ ਹੈ, ਉਸ ਵਿਚ ਸੈਂਟਰਲ ਅਥਾਰਟੀਜ਼ ਖਿਲਾਫ਼ ਕਾਰਵਾਈ ਦੀ ਕੋਈ ਪ੍ਰੋਵਿਜ਼ਨ ਨਹੀਂ ਹੈ। ਇਸ ਕਰਕੇ ਇਹ ਜ਼ਰੂਰੀ ਹੈ ਕਿ ਸਾਰੀਆਂ ਸੈਂਟਰਲ ਅਥਾਰਟੀਜ਼ ਪੰਜਾਬੀ ਭਾਸ਼ਾ ਦੀ ਵਰਤੋਂ ਕਰਨ। ਸੋ, ਇਸ ਕਾਨੂੰਨ ਵਿਚ ਸੈਂਟਰਲ ਅਥਾਰਟੀਜ਼ ਖਿਲਾਫ਼ ਕਾਰਵਾਈ ਦਾ ਪ੍ਰਾਵਧਾਨ ਸ਼ਾਮਲ ਕੀਤਾ ਜਾਣਾ ਚਾਹੀਦਾ ਹੈ ਤਾਂ ਜੋ ਜਦੋਂ ਵੀ ਇਨ੍ਹਾਂ ਅਥਾਰਟੀਜ਼ ਵੱਲੋਂ ਇਸ ਕਾਨੂੰਨ ਨੂੰ ਵਾਇਲੇਟ ਕੀਤਾ ਜਾਵੇ ਤਾਂ ਉਨ੍ਹਾਂ ਦੇ ਅਫ਼ਸਰਾਂ ਵਿਰੁੱਧ ਕਾਰਵਾਈ ਹੋ ਸਕੇ। ਇਸ ਤੋਂ ਬਿਨਾ ਮੈਂ ਇਕ ਹੋਰ ਮਸਲਾ ਤੁਹਾਡੇ ਧਿਆਨ ਵਿਚ ਲਿਆਉਣਾ ਚਾਹੁੰਦਾ ਹਾਂ।

**1535/harpreet singh/Monika sharma**

**ਮਾਣਯੋਗ ਸਪੀਕਰ**: ਇੱਕ ਮਸਲਾ ਡਿਸਕਸ ਹੋ ਗਿਆ ਜੀ। ਆਪਾਂ ਦੂਜਾ ਮਸਲਾ ਫਿਰ ਡਿਸਕਸ ਕਰ ਲਵਾਂਗੇ।

**ਸ੍ਰੀ ਦਿਨੇਸ਼ ਕੁਮਾਰ ਚੱਢਾ**: ਤੁਹਾਡੇ ਮਸਲੇ ਦੀ ਤਾਈਦ ਕਰਨੀ ਹੈ ਜੀ।

**ਮਾਣਯੋਗ ਸਪੀਕਰ**: ਤੁਸੀਂ ਤਾਂ ਨਾਲ ਹੀ ਹੋ ਜੀ।

**ਸ੍ਰੀ ਦਿਨੇਸ਼ ਕੁਮਾਰ ਚੱਢਾ**: ਏ.ਐਸ.ਆਈ ਦੀ ਕੁਰੱਪਸ਼ਨ ਦੀ ਤੁਸੀਂ ਰਿਪੋਰਟ ਮੰਗੀ ਹੈ ਜੀ। ਇਸ ਤਰ੍ਹਾਂ ਦੇ ਮਨੀ ਟਰੇਲ ਦੇ ਕੇਸ ਹੋਰ ਵੀ ਪੰਜਾਬ ਵਿੱਚ ਬਹੁਤ ਹਨ।

**ਮਾਣਯੋਗ ਸਪੀਕਰ** : ਤੁਹਾਡੀ ਗੱਲ ਬਿਲਕੁਲ ਠੀਕ ਹੈ। ਕੋਈ ਗੱਲ ਨਹੀਂ ਆਪਾਂ ਫਿਰ ਡਿਸਕਸ ਕਰ ਲਵਾਂਗੇ ਜੀ। ਹਾਂ ਜੀ, ਡਾਕਟਰ ਨੱਛਤਰ ਪਾਲ ਜੀ।

**ਸਰਦਾਰ ਪਰਗਟ ਸਿੰਘ ਪੋਆਰ**: ਸਪੀਕਰ ਸਾਹਿਬ, ਮੈਨੂੰ ਇੱਕ ਮਿੰਟ ਦੇ ਦਿਓ ਜੀ।

**ਮਾਣਯੋਗ ਸਪੀਕਰ**: ਆਪਾਂ ਸਾਰੇ ਇੱਥੇ ਹੀ ਹਾਂ ਜੀ। ਆਪਾਂ ਇੱਥੇ ਡਿਸਕਸ਼ਨ ਹੀ ਕਰਨੀ ਹੈ। Don’t worry. ਆਪਾਂ ਸਾਰਿਆਂ ਨੂੰ ਬੁਲਵਾ ਲਈਏ। ਨਹੀਂ ਤਾਂ ਇੱਥੇ ਸਿਰਫ 2-4 ਮਾਣਯੋਗ ਮੈਂਬਰ ਹੀ ਬੋਲਣਗੇ, ਬਾਕੀ ਤਾਂ ਫਿਰ ਹੋਰ ਕੋਈ ਬੋਲੇਗਾ ਹੀ ਨਹੀਂ। ਹਾਂ ਜੀ ਡਾਕਟਰ ਨੱਛਤਰ ਪਾਲ ਜੀ।

**ਡਾਕਟਰ ਨੱਛਤਰ ਪਾਲ (ਨਵਾਂ ਸ਼ਹਿਰ)** : ਮਾਣਯੋਗ ਸਪੀਕਰ ਸਾਹਿਬ, ਬਹੁਤ ਬਹੁਤ ਧੰਨਵਾਦ। ਮੈਂ ਤੁਹਾਡੇ ਰਾਹੀਂ ਬੇਨਤੀ ਕਰਾਂਗਾ ਕਿ ਨਵਾਂ ਸ਼ਹਿਰ ਦੇ ਅੰਦਰ ਫਰਵਰੀ 2021 ਵਿੱਚ ਇੱਕ ਸੜਕ ਨਹਿਰੂ ਗੇਟ ਤੋਂ ਲੈ ਕੇ ਰੇਲਵੇ ਰੋਡ ਤੱਕ ਬਣਾਈ ਗਈ ਸੀ। ਇਹ ਸੜਕ ਕੁਝ ਮਹੀਨਿਆਂ ਬਾਅਦ ਹੀ ਟੁੱਟ ਗਈ। ਉਸ ਸੜਕ ਦੀ 3500 ਫੁੱਟ ਲੰਬਾਈ ਸੀ, 32-33 ਫੁੱਟ ਚੌੜਾਈ ਸੀ। ਉਸ ਤੇ ਲਗਭਗ 85 ਲੱਖ ਰੁਪਿਆ ਉਸ ਵੇਲੇ ਖਰਚਿਆ ਗਿਆ ਸੀ। ਜਦੋਂ ਸੜ੍ਹਕ ਟੁੱਟੀ ਤਾਂ ਲੋਕਾਂ ਨੇ ਉਸ ਦੀ ਸ਼ਿਕਾਇਤ ਕੀਤੀ। ਲੋਕਲ ਬਾਡੀਜ਼ ਡਿਪਾਰਟਮੈਂਟ ਦਾ ਇੰਟਰਨਲ ਵਿਜੀਲੈਂਸ ਉਸ ਦੀ ਇਨਕੁਆਰੀ ਕਰ ਰਿਹਾ ਹੈ। ਇਸ ਵਿੱਚ ਜਿਹੜਾ ਠੇਕੇਦਾਰ ਸੀ ਉਸ ਨੇ 16 ਲੱਖ ਰੁਪਿਆ ਦੁਬਾਰਾ ਵਾਪਸ ਜਮ੍ਹਾਂ ਕਰਵਾ ਦਿੱਤਾ ਇਹ ਕਹਿ ਕੇ ਕਿ ਸਬੰਧਤ ਵਿਅਕਤੀਆਂ ਨੇ ਮੇਨੂੰ ਜ਼ਿਆਦਾ ਪੈਸੇ ਦੇ ਦਿੱਤੇ ਸਨ। ਪੈਸੇ ਜਮ੍ਹਾਂ ਕਰਵਾਉਣ ਦੇ ਬਾਵਜੂਦ ਅੱਜ ਤੱਕ ਜਿਹੜੀ ਇਹ ਸੜਕ ਹੈ, ਜਿਸ ਨੂੰ ਕਿ 3-4 ਸਾਲ ਹੋ ਗਏ ਹਨ, ਟੁੱਟੀ ਪਈ ਹੈ। ਇਹ ਸੜਕ ਸ਼ਹਿਰ ਦੇ ਵਿੱਚੋਂ ਲੰਘਦੀ ਹੈ । 50-60 ਹਜ਼ਾਰ ਸ਼ਹਿਰ ਦੀ ਆਬਾਦੀ ਹੈ। ਜਿਹੜੇ ਫਿਲੌਰ ਨੂੰ ਲੋਕ ਜਾਂਦੇ ਹਨ ਉਹ ਇਸੇ ਰੋਡ ਤੋਂ ਜਾਂਦੇ ਹਨ, ਰੋਡਵੇਜ਼ ਦੀ ਬੱਸ ਵੀ ਉਥੋਂ ਹੀ ਜਾਂਦੀ ਹੈ, ਉਹ ਸੜ੍ਹਕ ਅੱਜ ਤੱਕ ਟੁੱਟੀ ਪਈ ਹੈ। ਲੋਕ ਅੱਜ ਤੱਕ ਸਫਰ ਕਰ ਰਹੇ ਹਨ। ਮੇਰੀ ਤੁਹਾਡੇ ਮਾਧਿਅਮ ਰਾਹੀਂ ਬੇਨਤੀ ਹੈ ਕਿ ਪਹਿਲਾਂ ਤਾਂ ਜਿਹੜੇ ਲੋਕਾਂ ਦੀ ਸ਼ਮੂਲੀਅਤ ਨਾਲ ਠੇਕੇਦਾਰ ਨੂੰ ਪੈਸੇ ਵਾਧੂ ਦਿੱਤੇ ਗਏ ਉਨ੍ਹਾਂ ਦੇ ਖਿਲਾਫ ਕਾਰਵਾਈ ਹੋਣੀ ਚਾਹੀਦੀ ਹੈ। ਦੂਸਰਾ ਜਿਹੜੀ ਉਹ ਸੜ੍ਹਕ ਹੈ ਉਸ ਨੂੰ ਦੁਬਾਰਾ ਬਣਾਇਆ ਜਾਵੇ ਤਾਂ ਕਿ ਸ਼ਹਿਰ ਦੇ ਲੋਕ ਜਿਹੜੇ ਇਸ ਗੱਲ ਤੋਂ ਪਰੇਸ਼ਾਨ ਹਨ ਉਨ੍ਹਾਂ ਨੂੰ ਸਹੂਲਤ ਦਿੱਤੀ ਜਾ ਸਕੇ। ਤੁਹਾਡਾ ਬਹੁਤ ਬਹੁਤ ਧੰਨਵਾਦ।

**ਸ਼੍ਰੀ ਜੰਗੀ ਲਾਲ ਮਹਾਜਨ (ਮੁਕੇਰੀਆਂ)**: ਧੰਨਵਾਦ ਸਪੀਕਰ ਸਾਹਿਬ, ਮੈਂ ਮੁਕੇਰਆਂ ਮਿਉਂਸੀਪਲ ਕਮੇਟੀ ਬਾਰੇ ਗੱਲ ਕਰਨੀ ਚਾਹੁੰਦਾ ਹਾਂ। ਮਿਉਂਸਪਲ ਕਮੇਟੀ, ਮੁਕੇਰੀਆਂ 1947 ਤੋਂ ਪਹਿਲਾਂ ਹੋਂਦ ਵਿੱਚ ਆਈ ਸੀ। ਲੇਕਿਨ ਉੱਥੇ 4-5 ਮੁੱਹਲੇ ਗਰੀਬ ਲੋਕਾਂ ਦੇ ਹਨ। ਉੱਥੇ ਪਾਣੀ ਅੱਜ ਤੱਕ ਨਹੀਂ ਪਹੁੰਚਿਆ। ਉਥੇ ਪਾਣੀ ਜਾਣ-ਬੁੱਝ ਕੇ ਨਹੀਂ ਪਹੁੰਚਾਇਆ ਜਾਂਦਾ ਹੈ। ਪਾਣੀ ਦੇ ਵਾਲਵ ਨਹੀਂ ਖੋਲੇ ਜਾਂਦੇ ਤਾਂ ਕਿ ਲੋਕਾਂ ਨੂੰ ਉਥੇ ਪਾਣੀ ਨਾ ਮਿਲੇ। ਮਿਉਂਸਪਲ ਕਮੇਟੀ ਵੱਲੋਂ ਸਫਾਈ ਦਾ ਇੰਨਾਂ ਘਟੀਆ ਪ੍ਰਬੰਧ ਹੈ ਕਿ ਦੋ ਡੰਪ ਸ਼ਹਿਰ ਦੇ ਅੰਦਰ ਇਸ ਤਰ੍ਹਾਂ ਦੇ ਬਣੇ ਹਨ ਜਿੱਥੋਂ ਕੋਈ ਲੰਘ ਵੀ ਨਹੀਂ ਸਕਦਾ ਹੈ। ਇਹ ਪ੍ਰਬੰਧ ਬਹੁਤ ਹੀ ਮਾੜਾ ਹੈ। ਇੱਥੇ ਗੱਲ ਹੋਈ ਹੈ ਕਿ ਪੰਜਾਬ ਵਿੱਚ ਕੁਰੱਪਸ਼ਨ ਘਟੀ ਹੈ। ਲੇਕਿਨ ਮੈਂ ਇਸ ਗੱਲ ਨੂੰ ਨਹੀਂ ਮੰਨਦਾ ਹਾਂ। ਮੇਰੇ ਏਰੀਆ ਵਿੱਚ 17 ਕਰੈਸ਼ਰ ਪੈਂਦੇ ਹਨ। ਉਨ੍ਹਾਂ ਕਰੈਸ਼ਰਾਂ ਤੇ ਮੈਂ ਅੱਜ ਤੱਕ ਨਹੀਂ ਗਿਆ ਹੈ ਤਾਂਕਿ ਕੋਈ ਇਹ ਨਾ ਕਹੇ ਕਿ ਇਹ ਪੈਸੇ ਖਾਣ ਜਾਂਦੇ ਹਨ। ਲੇਕਿਨ ਨਾ-ਮਨਜ਼ੂਰੀ ਵਾਲੇ ਇੱਕ ਦੋ ਕਰੈਸ਼ਰ ਵਾਲੇ ਤਾਂ ਇਸ ਤਰ੍ਹਾਂ ਦੇ ਹਨ ਜਿਨ੍ਹਾਂ ਕੋਲ permission ਦਾ ਇੱਕ ਕਾਗਜ਼ ਤੱਕ ਨਹੀਂ ਹੈ। ਇਹੋ ਜਿਹੇ ਕਰੈਸ਼ਰ ਵੀ ਉਥੇ ਚੱਲਦੇ ਹਨ ਜਿਹੜੇ 100 ਫੁੱਟ ਜ਼ਿਆਦਾ ਡੂੰਘੇ ਪੁੱਟੇ ਗਏ ਹਨ। ਇੱਥੇ ਤਾਂ 70 ਫੁੱਟ ਬਾਰੇ ਪਰਗਟ ਸਿੰਘ ਜੀ ਨੇ ਕਿਹਾ ਹੈ। ਪੁਰਾਣੀਆਂ ਸਰਕਾਰਾਂ ਵੇਲੇ ਤਾਂ 200 ਫੁੱਟ ਤੱਕ ਵੀ ਪੁੱਟੇ ਗਏ ਸਨ ਪਰ ਨਵੇਂ ਤਾਂ 100 ਫੁੱਟ ਤੱਕ ਪੁੱਟੇ ਗਏ ਹਨ। ਉਥੋਂ ਦਾ ਵਾਤਾਵਰਨ ਵੀ ਬਹੁਤ ਖਰਾਬ ਹੈ। ਮੇਰੀ ਬੇਨਤੀ ਇਹੀ ਹੈ ਕਿ ਜਿਹੜੇ ਕਰੈਸ਼ਰ ਬਗੈਰ ਮਨਜ਼ੂਰੀ ਦੇ ਚੱਲਦੇ ਹਨ, ਉਹ ਬੰਦ ਕੀਤੇ ਜਾਣ। ਇੱਥੇ ਸਰਕਾਰ ਬਣਦਿਆਂ ਕਿਹਾ ਗਿਆ ਸੀ ਕਿ ਅਸੀਂ ਇਸ ਸਬੰਧੀ ਪਾਲਿਸੀ ਬਣਾਵਾਂਗੇ ਪਰ ਇਹ ਪਾਲਿਸੀ ਅੱਜ ਤੱਕ ਕਿਉਂ ਨਹੀਂ ਬਣੀ? ਇਸ ਦਾ ਵੀ ਜਵਾਬ ਦਿੱਤਾ ਜਾਏ। ਧੰਨਵਾਦ ਜੀ।

**ਮਾਣਯੋਗ ਸਪੀਕਰ**: ਜਿਹੜੀ ਰਿਪੋਰਟ ਵਾਲੀ ਗੱਲ ਹੈ, ਕੀ ਉਸ ਤੇ ਸਦਨ ਦੀ ਸਹਿਮਤੀ ਹੈ?

(**ਅਵਾਜ਼ਾਂ**: ਹਾਂ ਜੀ, ਹਾਂ ਜੀ)

**ਸਰਦਾਰ ਪਰਗਟ ਸਿੰਘ ਪੋਆਰ**: ਸਪੀਕਰ ਸਾਹਿਬ, ਮੈਨੂੰ ਇੱਕ ਮਿੰਟ ਦੇ ਦਿਓ ਜੀ।

-------

## CALL ATTENTION NOTICES UNDER RULE 66

**ਮਾਣਯੋਗ ਸਪੀਕਰ**: ਅੱਗੇ ਚੱਲਣ ਦਿਓ ਜੀ। ਆਪਾਂ ਹੌਲੀ ਹੌਲੀ, ਸਹਿਜੇ ਸਹਿਜੇ ਡਿਸਕਸ ਕਰ ਲਵਾਂਗੇ। ਹਾਂ ਜੀ ਸਰਦਾਰ ਅਮੋਲਕ ਸਿੰਘ ਜੀ, ਧਿਆਨ ਦਿਵਾਊ ਨੋਟਿਸ।

**1540/amandeep kaur/Shubham jain**

### (ਕ੍ਰਮ ਨੰਬਰ 6)

**ਸ਼੍ਰੀ ਅਮੋਲਕ ਸਿੰਘ** : ਸ਼੍ਰੀਮਾਨ ਜੀ, ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇੱਕ ਅਤਿ ਜ਼ਰੂਰੀ ਮਾਮਲੇ ਵੱਲ ਦਿਵਾਉਣਾ ਚਾਹੁੰਦਾ ਹਾਂ ਕਿ ਭਾਰਤ ਸਰਕਾਰ ਦੁਆਰਾ ਬਣਾਏ ਹੋਏ ਹਾਈਵੇ ਉੱਪਰ ਟੋਲ ਪਲਾਜ਼ਾ ਦੁਆਰਾ ਪੈਸੇ ਤਾਂ ਵਸੂਲ ਕੀਤੇ ਜਾ ਰਹੇ ਹਨ ਪਰ ਕਾਫੀ ਸਾਰੇ ਹਾਈਵੇਜ਼ ਦੀ ਸੰਭਾਲ ਨਹੀਂ ਕੀਤੀ ਜਾਂਦੀ। ਉਸ ਦੀ ਇੱਕ ਉਦਾਹਰਨ ਮੇਰੇ

ਹਲਕੇ ਦੇ ਪਿੰਡ ਬਾਜਾਖਾਨਾ ਦੇ ਚੌਂਕ ਦੇ ਦੋਨਾਂ ਸਾਈਡ ਦੀ ਹੈ ਜਿੱਥੇ ਹਮੇਸ਼ਾ ਪਾਣੀ ਰੁਕਿਆ ਰਹਿੰਦਾ ਹੈ। ਜਦ ਕਿ ਹਾਈਵੇ ਸਟਾਫ ਨੂੰ ਇਸ ਨੂੰ ਚੈੱਕ ਕਰਨਾ ਅਤੇ ਠੀਕ ਕਰਨਾ ਬਣਦਾ ਹੈ। ਅਕਸਰ ਹੀ ਟੋਲ ਤਾਂ ਹਾਈਵੇ ਵਾਲੇ ਪੂਰਾ ਲੈਂਦੇ ਹਨ ਪਰ ਸਹੂਲਤਾਂ ਸਾਰੀਆਂ ਨਹੀਂ ਦਿੰਦੇ।

ਮਾਮਲੇ ਦੀ ਪ੍ਰਤੱਖ ਅਤੇ ਅਤਿਅੰਤ ਮਹੱਤਤਾ ਦੇ ਮੱਦੇਨਜ਼ਰ, ਸਬੰਧਤ ਮੰਤਰੀ ਜੀ ਸਦਨ ਵਿੱਚ ਬਿਆਨ ਦੇਣ ਦੀ ਕਿਰਪਾਲਤਾ ਕਰਨ।

**ਲੋਕ ਨਿਰਮਾਣ (ਭ ਤੇ ਮ) ਮੰਤਰੀ (ਸਰਦਾਰ ਹਰਭਜਨ ਸਿੰਘ)** : ਮਾਣਯੋਗ ਸਪੀਕਰ ਸਾਹਿਬ, ਪਿੰਡ ਬਾਜਾਖਾਨਾ ਚੌਂਕ ਦੇ ਦੋਨੋ ਸਾਈਡਾਂ ਤੇ ਪਾਣੀ ਖੜ੍ਹੇ ਹੋਣ ਦਾ ਕਾਰਨ ਨੈਸ਼ਨਲ ਹਾਈਵੇਅ ਦੇ ਨੇੜਲੇ ਘਰਾਂ ਦਾ ਸੀਵਰੇਜ ਦਾ ਅਣਅਧਿਕਾਰਤ ਪਾਣੀ ਹੈ। ਜਿਵੇਂ ਕਿ ਡਰੇਨ ਸਿਰਫ ਮੀਂਹ ਦੇ ਪਾਣੀ ਦੇ ਨਿਪਟਾਰੇ ਲਈ ਤਿਆਰ ਕੀਤੇ ਜਾਂਦੇ ਹਨ। ਇਸ ਲਈ ਡਰੇਨਾਂ ਜਦੋਂ ਪਹਿਲਾਂ ਹੀ ਸੀਵਰੇਜ ਦੇ ਪਾਣੀ ਨਾਲ ਭਰ ਜਾਂਦੀਆਂ ਹਨ, ਜਿਸ ਕਾਰਨ ਮਾਨਸੂਨ ਸੀਜ਼ਨ ਵਿੱਚ ਸਰਵਿਸ ਰੋਡ ਤੇ ਪਾਣੀ ਭਰ ਜਾਂਦਾ ਹੈ। ਐਨ.ਐਚ.ਏ.ਆਈ. ਨੇ ਨੈਸ਼ਨਲ ਹਾਈਵੇਅ ਤੇ ਸੀਵਰੇਜ ਦੇ ਪਾਣੀ ਦੀ ਸਫਾਈ ਕੀਤੀ ਹੈ। ਸੀਵਰੇਜ ਦੇ ਖੜ੍ਹੇ ਪਾਣੀ ਦੇ ਮਸਲੇ ਨੂੰ ਹੱਲ ਕਰਨ ਲਈ ਨੈਸ਼ਨਲ ਹਾਈਵੇਅ ਤੇ ਰਹਿ ਰਹੇ ਲੋਕਾਂ ਨੂੰ ਜ਼ਰੂਰੀ ਨਿਰਦੇਸ਼ ਜਾਰੀ ਕਰਨਾ ਉਚਿਤ ਹੋਵੇਗਾ। ਇਸ ਸਬੰਧੀ ਕਾਰਜਕਾਰੀ ਇੰਜੀਨੀਅਰ, ਨੈਸ਼ਨਲ ਹਾਈਵੇਅ, ਮੰਡਲ 1, ਲੋਕ ਨਿਰਮਾਣ ਵਿਭਾਗ ਬਠਿੰਡਾ ਵੱਲੋਂ ਪਹਿਲਾਂ ਹੀ ਸਥਾਨਕ ਸਰਕਾਰ ਨੂੰ ਬੇਨਤੀ ਕੀਤੀ ਜਾ ਚੁੱਕੀ ਹੈ।

**ਸ਼੍ਰੀ ਅਮੋਲਕ ਸਿੰਘ** : ਸਰ, ਮੈਨੂੰ ਲੱਗਦਾ ਹੈ ਕਿ ਇਹ ਟੋਲ ਬਹੁਤ ਪੁਰਾਣਾ ਹੈ। ਇਸ ਦੇ ਆਸੇ ਪਾਸੇ ਪਾਣੀ ਦੀ ਕੋਈ ਨਿਕਾਸੀ ਨਹੀਂ ਹੈ। ਜਦੋਂ ਤੋਂ ਮੈਂ ਦੇਖ ਰਿਹਾ ਹਾਂ, ਇਹ ਪਾਣੀ ਪਿਛਲੇ ਢਾਈ ਸਾਲਾਂ ਤੋਂ ਜਿਉਂ ਦਾ ਤਿਉਂ ਹੀ ਖੜ੍ਹਾ ਹੈ। ਇਸ ਸਬੰਧੀ ਮੈਂ ਬਹੁਤ ਵਾਰੀ ਲਿਖ ਕੇ ਵੀ ਦੇ ਚੁੱਕਾ ਹਾਂ। ਮੈਂ ਚਾਹੁੰਦਾ ਹਾਂ ਕਿ ਇਸ ਸਬੰਧੀ ਸਖਤ ਤੋਂ ਸਖਤ ਕਾਰਵਾਈ ਕੀਤੀ ਜਾਵੇ।

**ਮਾਣਯੋਗ ਸਪੀਕਰ** : ਧੰਨਵਾਦ ਜੀ।

------

**(ਕ੍ਰਮ ਨੰਬਰ 8)**

**ਸਰਦਾਰ ਹਰਦੇਵ ਸਿੰਘ ਲਾਡੀ** : ਸ੍ਰੀਮਾਨ ਜੀ, ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇੱਕ ਅਤਿ ਜ਼ਰੂਰੀ ਮਾਮਲੇ ਵੱਲ ਦਿਵਾਉਣਾ ਚਾਹੁੰਦਾ ਹਾਂ, ਕਿ ਵਿਧਾਨ ਸਭਾ ਹਲਕਾ ਸ਼ਾਹਕੋਟ ਦੇ ਪਿੰਡ ਨਵਾਂ ਪਿੰਡ ਖਾਲੇਵਾਲ ਵਿਖੇ ਲੋਹੀਆਂ-ਕੱਕੜਾਂ ਸੜਕ ਉੱਤੇ ਪੁੱਲ ਦਾ ਕੰਮ ਪੂਰਾ ਨਹੀਂ ਹੋਇਆ ਹੈ। ਇਸ ਪੁੱਲ ਦੇ ਨਾਲ ਲੱਗਦੀਆਂ ਸੜਕਾਂ ਦੀ ਵੀ ਖਸਤਾ ਹਾਲਤ ਹੈ। ਇਹ ਹਾਦਸਾਗ੍ਰਸਤ ਇਲਾਕਾ ਬਣ ਗਿਆ ਹੈ ਅਤੇ ਆਉਣ ਜਾਣ ਵਾਲਿਆਂ ਨੂੰ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸ ਮੁੱਦੇ ਨੂੰ ਲੈ ਕੇ ਇਲਾਕੇ ਦੇ ਲੋਕਾਂ ਵਿੱਚ ਭਾਰੀ ਰੋਸ ਅਤੇ ਨਿਰਾਸ਼ਾ ਹੈ।

ਮਾਮਲੇ ਦੀ ਪ੍ਰਤੱਖ ਅਤੇ ਅਤਿਅੰਤ ਮਹੱਤਤਾ ਦੇ ਮੱਦੇਨਜ਼ਰ, ਸਬੰਧਤ ਮੰਤਰੀ ਜੀ ਸਦਨ ਵਿੱਚ ਬਿਆਨ ਦੇਣ ਦੀ ਕ੍ਰਿਪਾਲਤਾ ਕਰਨ।

**ਲੋਕ ਨਿਰਮਾਣ (ਭ ਤੇ ਮ) ਮੰਤਰੀ (ਸਰਦਾਰ ਹਰਭਜਨ ਸਿੰਘ)** : ਮਾਣਯੋਗ ਸਪੀਕਰ ਸਾਹਿਬ, Construction of High Tower Bridge, East Crossing ਲੋਹੀਆਂ ਤੋਂ ਜਾਖੋਪੁਰ ਰੋਡ, ਜਿਸ ਵਿੱਚ Approach Service Road, Retaining Wall, Metal Crash Barrier along proposed road and concrete pavement and widening ਦਾ ਕੰਮ ਕਾਰਜਕਾਰੀ ਇੰਜੀਨੀਅਰ, ਉਸਾਰੀ ਮੰਡਲ 1, ਲੋਕ ਨਿਰਮਾਣ ਵਿਭਾਗ, ਜਲੰਧਰ ਛਾਉਣੀ ਵੱਲੋਂ 17.7.2018 ਰਾਹੀਂ ਬਾਬਤ ਰਕਮ 5 ਕਰੋੜ 48 ਲੱਖ ਰੁਪਏ ਦੀ ਲਾਗਤ ਨਾਲ 9 ਮਹੀਨੇ ਦੀ ਸਮਾਂ ਸੀਮਾ ਨਾਲ ਠੇਕੇਦਾਰ ਨੂੰ ਅਲਾਟ ਕੀਤਾ ਗਿਆ ਸੀ। ਇਕਰਾਰਨਾਮੇ ਦੀਆਂ ਸ਼ਰਤਾਂ ਅਨੁਸਾਰ ਇਹ ਕੰਮ ਮਿਤੀ 16 ਅਪਰੈਲ, 2019 ਤੱਕ ਮੁਕੰਮਲ ਕੀਤਾ ਜਾਣਾ ਸੀ। ਹੁਣ ਇਹ ਕੰਮ 97% ਤੱਕ ਮੁਕੰਮਲ ਕਰ ਦਿੱਤਾ ਗਿਆ ਹੈ ਅਤੇ ਏਜੰਸੀ ਵੱਲੋਂ ਕੰਮ ਪੂਰਾ ਨਹੀਂ ਕੀਤਾ ਗਿਆ। ਇਕਰਾਰਨਾਮੇ ਦੀਆਂ ਸ਼ਰਤਾਂ ਅਨੁਸਾਰ ਠੇਕੇਦਾਰ ਤੇ ਪੈਨਾਲਟੀ ਲਗਾਈ ਜਾ ਚੁੱਕੀ ਹੈ। ਇਕਰਾਰਨਾਮੇ ਦੀਆਂ ਸ਼ਰਤਾਂ ਅਨੁਸਾਰ ਇਕਰਾਰਨਾਮੇ ਨੂੰ ਰੱਦ ਕਰਨ ਦਾ ਕੇਸ ਵੀ ਕਾਰਵਾਈ ਅਧੀਨ ਹੈ। ਛੇਤੀ ਹੀ ਬਕਾਇਆ ਕੰਮ ਦਾ ਟੈਂਡਰ ਲਗਾ ਕੇ ਜਲਦੀ ਹੀ ਮੁਕੰਮਲ ਕਰ ਦਿੱਤਾ ਜਾਵੇਗਾ।

**ਸਰਦਾਰ ਹਰਦੇਵ ਸਿੰਘ ਲਾਡੀ** : ਸਪੀਕਰ ਸਾਹਿਬ, ਮੈਂ ਪਿਛਲੇ ਸਮਾਗਮ ਦੌਰਾਨ ਵੀ ਇਸ ਬਾਰੇ ਗੱਲ ਰੱਖੀ ਸੀ ਕਿ ਇਸ ਦੀ ਵਿਜੀਲੈਂਸ ਇਨਕੁਆਰੀ ਹੋਣੀ ਚਾਹੀਦੀ ਹੈ। ਜਿਸ ਠੇਕੇਦਾਰ ਨੇ ਇਹ ਠੇਕਾ ਲਿਆ ਸੀ ਉਸ ਨੇ ਇਸ ਪੁਲ ਦਾ ਕੰਮ ਨਹੀਂ ਕੀਤਾ ਸਗੋਂ ਸਬ-ਠੇਕੇਦਾਰ ਨੂੰ ਕੰਮ ਦੇ ਦਿੱਤਾ ਸੀ। ਉਸ ਨੇ ਬਹੁਤ ਹਲਕੀ ਕੁਆਲਿਟੀ ਦਾ ਕੰਮ ਕੀਤਾ। ਪੀ.ਡਬਲਿਯੂ.ਡੀ. ਦੀ 9 ਕਿਲੋਮੀਟਰ ਸੜਕ ਜਿਹੜੀ ਕਿ ਇੱਕ ਸਾਲ ਪਹਿਲਾਂ ਬਣੀ ਸੀ, ਅੱਜ ਉਸ ਦੀ ਹਾਲਤ ਵੇਖ ਲਉ, ਉਹ ਸਾਰੀ ਟੁੱਟੀ ਹੋਈ ਹੈ। ਇਸ ਲਈ ਮੈਂ ਕਹਿਣਾ ਚਾਹੁੰਦਾ ਹਾਂ ਕਿ ਇਸ ਦੀ ਵਿਜੀਲੈਂਸ ਇਨਕੁਆਰੀ ਕਰਵਾਈ ਜਾਵੇ ਅਤੇ ਦੋਸ਼ੀਆਂ ਨੂੰ ਸਜ਼ਾ ਦਿੱਤੀ ਜਾਵੇ। ਦੋਸ਼ੀ ਚਾਹੇ ਕੋਈ ਅਫ਼ਸਰ ਹੈ ਜਾਂ ਠੇਕੇਦਾਰ ਹੈ, ਮੈਂ ਤੁਹਾਡੇ ਰਾਹੀਂ ਇਹੋ ਬੇਨਤੀ ਕਰਦਾ ਹਾਂ ਕਿ ਇਨਕੁਆਰੀ ਕਰਵਾ ਕੇ ਉਨ੍ਹਾਂ ਖਿਲਾਫ ਕਾਰਵਾਈ ਕੀਤੀ ਜਾਵੇ।

**ਮੰਤਰੀ** : ਸਪੀਕਰ ਸਾਹਿਬ, ਇਹ ਕੰਮ 17.07.2018 ਨੂੰ ਅਲਾਟ ਕੀਤਾ ਗਿਆ ਸੀ। 2022 ਤੱਕ ਇਸ ਕੰਮ ਤੇ ਕੋਈ ਕਾਰਵਾਈ ਨਹੀਂ ਕੀਤੀ ਗਈ ਸੀ। ਅਸੀਂ ਠੇਕੇਦਾਰ ਨੂੰ 41,14,000/- ਰੁਪਿਆ ਪੈਨਾਲਟੀ ਲਗਾ ਚੁੱਕੇ ਹਾਂ ਅਤੇ ਬਾਕੀ ਕੰਮ ਵਾਸਤੇ ਇਕਰਾਰਨਾਮਾ ਟਰਮੀਨੇਟ ਕਰਨ ਦੀ ਕਾਰਵਾਈ ਵਿਚਾਰ ਅਧੀਨ ਹੈ। ਬਹੁਤ ਜਲਦੀ ਹੀ ਇਕਰਾਰਨਾਮਾ ਟਰਮੀਨੇਟ ਕਰਾਂਗੇ ਅਤੇ ਪੈਨਾਲਟੀ ਤੋਂ ਇਲਾਵਾ ਵੀ ਜੋ ਕਾਰਵਾਈ ਕਰਨੀ ਬਣਦੀ ਹੈ, ਉਹ ਜ਼ਰੂਰ ਕਰਾਂਗੇ। ਮੈਂ ਮਾਣਯੋਗ ਮੈਂਬਰ ਸਾਹਿਬ ਨੂੰ ਯਕੀਨ ਦਿਵਾਉਂਦਾ ਹਾਂ ਕਿ ਇਸ ਕੰਮ ਨੂੰ 31 ਮਾਰਚ, 2025 ਤੱਕ ਹਰ ਹਾਲਤ ਵਿੱਚ ਮੁਕੰਮਲ ਕਰ ਦਿਆਂਗੇ।

**ਮਾਣਯੋਗ ਸਪੀਕਰ** : ਅਗਲੀ ਕਾਲ ਅਟੈਂਸ਼ਨ। ਪ੍ਰਿੰਸੀਪਲ ਬੁੱਧ ਰਾਮ ਜੀ।

**ਪ੍ਰਿੰਸੀਪਲ ਬੁੱਧ ਰਾਮ** : ਸਰ, ਮੈਂ ਕਾਲ ਅਟੈਂਸ਼ਨ ਪੜ੍ਹਨ ਵਾਸਤੇ ਆਈ. ਪੈਡ ਤੇ ਬਟਨ ਦੱਬਿਆ ਪਰ ਇਹ ਖੁੱਲ੍ਹ ਨਹੀਂ ਰਿਹਾ ਹੈ। ਲਿਖਿਆ ਆ ਰਿਹਾ ਹੈ ਕਿ ਇਹ ਦਸਤਾਵੇਜ਼ ਲਾਕ ਹੈ।

------

**1545/Tarlochan Singh/Shubham jain**

(ਇਸ ਸਮੇਂ ਪ੍ਰਿੰਸੀਪਲ ਬੁੱਧ ਰਾਮ, ਐਮ.ਐਲ.ਏ. ਦੀ ਸਕਰੀਨ ਤੇ ਧਿਆਨ ਦਿਵਾਊ ਮਤੇ ਸਬੰਧੀ ਦਸਤਾਵੇਜ਼ ਨਹੀਂ ਖੁੱਲ੍ਹ ਰਿਹਾ ਸੀ ਜਿਸ ਸਬੰਧੀ ਮਾਣਯੋਗ ਸਪੀਕਰ ਸਾਹਿਬ ਵੱਲੋਂ ਸਪੋਰਟ ਸਟਾਫ ਨੂੰ ਮਦਦ ਕਰਨ ਲਈ ਕਿਹਾ ਗਿਆ।)

**(ਕ੍ਰਮ ਨੰ: 28 )**

**ਪ੍ਰਿੰਸੀਪਲ ਬੁੱਧ ਰਾਮ**: ਸ੍ਰੀਮਾਨ ਜੀ, ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇੱਕ ਅਤਿ ਜ਼ਰੂਰੀ ਮਾਮਲੇ ਵੱਲ ਦਿਵਾਉਣਾ ਚਾਹੁੰਦਾ ਹਾਂ ਕਿ ਪੰਜਾਬ ਰਾਜ ਵਿੱਚ ਲਗਭਗ 13193 ਪਿੰਡਾਂ, 97 ਤਹਿਸੀਲਾਂ ਅਤੇ 153 ਬਲਾਕਾਂ ਵਿੱਚ ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ, ਪੰਜਾਬ ਅਧੀਨ ਆਉਂਦੇ 1.50 ਲੱਖ ਦੇ ਕਰੀਬ ਮੈਡੀਕਲ ਪ੍ਰੈਕਟੀਸ਼ਨਰਜ਼ ਦੁਆਰਾ ਆਪਣੇ ਪੱਧਰ ਤੇ ਮੁੱਢਲੀਆਂ ਸਿਹਤ ਸੇਵਾਵਾਂ ਪ੍ਰਦਾਨ ਕੀਤੀਆਂ ਜਾ ਰਹੀਆਂ ਹਨ ਅਤੇ ਇਨ੍ਹਾਂ ਸਹੂਲਤਾਂ ਕਰਕੇ ਐਮਰਜੈਂਸੀ ਵਿੱਚ ਲੋਕਾਂ ਦੀ ਜਾਨਾਂ ਦੀ ਰੱਖਿਆ ਹੁੰਦੀ ਹੈ, ਜਿਸ ਕਾਰਨ ਪੰਜਾਬ ਰਾਜ ਸਿਹਤ ਪਾਸੋਂ ਹੋਰ ਰਾਜਾਂ ਤੋਂ ਬਿਹਤਰ ਹੈ। ਪਰੰਤੂ ਉਕਤ ਮੈਡੀਕਲ ਪ੍ਰੈਕਟੀਸ਼ਨਰਜ਼ ਨੂੰ ਹੁਣ ਤੱਕ ਰਜਿਸਟਰਡ ਨਾ ਹੋਣ ਕਾਰਨ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਜਿਸ ਕਾਰਨ ਉਨ੍ਹਾਂ ਵਿੱਚ ਰੋਸ ਪਾਇਆ ਜਾ ਰਿਹਾ ਹੈ।

ਮਾਮਲੇ ਦੀ ਪ੍ਰਤੱਖ ਅਤੇ ਅਤਿਅੰਤ ਮਹੱਤਤਾ ਦੇ ਮੱਦੇਨਜ਼ਰ, ਸਬੰਧਿਤ ਮੰਤਰੀ ਜੀ ਸਦਨ ਵਿੱਚ ਬਿਆਨ ਦੇਣ ਦੀ ਖੇਚਲ ਕਰਨ।

**ਸਿਹਤ ਅਤੇ ਪਰਿਵਾਰ ਭਲਾਈ ਮੰਤਰੀ (ਡਾਕਟਰ ਬਲਬੀਰ ਸਿੰਘ)**: ਮਾਣਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਮਾਧਿਅਮ ਨਾਲ ਮਾਣਯੋਗ ਮੈਂਬਰ ਨੂੰ ਅਤੇ ਸਾਰੇ ਹਾਊਸ ਨੂੰ ਇਹ ਜਾਣਕਾਰੀ ਦੇਣਾ ਚਾਹੁੰਦਾ ਹਾਂ ਕਿ ਮੈਡੀਕਲ ਪ੍ਰੈਕਟੀਸ਼ਨਰ ਉਸ ਨੂੰ ਕਹਿੰਦੇ ਹਨ ਜਿਹੜਾ ਕਿ ਕਿਸੇ ਨਾ ਕਿਸੇ ਸਿਸਟਮ ਆਫ ਮੈਡੀਸਿਨ ਵਿੱਚ ਉਸ ਰਾਜ ਵਿੱਚ ਜਾਂ ਕੇਂਦਰ ਦੇ ਕਿਸੇ ਰਜਿਸਟ੍ਰੇਸ਼ਨ ਕੌਂਸਲ ਨਾਲ ਰਜਿਸਟਰਡ ਹੋਵੇ। ਇਨ੍ਹਾਂ ਦੀ ਟ੍ਰੇਨਿੰਗ ਅਤੇ ਰਜਿਸਟ੍ਰੇਸ਼ਨ ਦੀ ਅਥਾਰਿਟੀ ਕੇਂਦਰੀ ਐਕਟ ਤੋਂ ਆਉਂਦੀ ਹੈ। ਆਪਣੇ ਕੋਲ ਹੁਣ ਤਿੰਨ ਸਿਸਟਮ ਹਨ। ਇੱਕ ਤਾਂ ਐਮ.ਬੀ.ਬੀ.ਐਸ. ਜਾਂ ਐਲੋਪੈਥੀ ਸਿਸਟਮ ਕਹਿੰਦੇ ਹਨ, ਇਸ ਵਾਸਤੇ ਨੈਸ਼ਨਲ ਮੈਡੀਕਲ ਕਮਿਸ਼ਨ ਐਕਟ, 2019 ਅਤੇ ਪੰਜਾਬ ਮੈਡੀਕਲ ਰਜਿਸਟ੍ਰੇਸ਼ਨ ਐਕਟ, 1916 ਤਹਿਤ ਪੰਜਾਬ ਵਿੱਚ ਐਮ.ਬੀ.ਬੀ.ਐਸ. ਜਾਂ ਐਲੋਪੈਥੀ ਦੇ 62215 ਡਾਕਟਰ ਰਜਿਸਟਰਡ ਹਨ। ਇਸੇ ਤਰ੍ਹਾਂ ਦੂਜਾ, ਨੈਸ਼ਨਲ ਕਮਿਸ਼ਨ ਫਾਰ ਇੰਡੀਅਨ ਸਿਸਟਮ ਆਫ ਮੈਡੀਸਿਨ ਐਕਟ, 2020 ਹੈ ਜਿਸ ਵਿੱਚ ਆਯੂਰਵੇਦਾ, ਯੂਨਾਨੀ ਡਾਕਟਰ ਹੁੰਦੇ ਹਨ ਤੇ ਇਹ ਪੰਜਾਬ ਵਿੱਚ 12810 ਰਜਿਸਟਰਡ ਹਨ। ਤੀਸਰਾ, ਹੋਮਿਓਪੈਥੀ ਕੌਂਸਲ ਹੈ ਜਿਸ ਵਿੱਚ 4400 ਮੈਂਬਰ ਰਜਿਸਟਰਡ ਹਨ। ਇਸ ਤੋਂ ਇਲਾਵਾ ਹੋਰ ਕਿਸੇ ਵੀ ਆਲਟਰਨੇਟ ਮੈਡੀਸਿਨ ਦੇ ਸਿਸਟਮ ਨੂੰ ਰਜਿਸਟਰ ਨਹੀਂ ਕੀਤਾ ਜਾ ਸਕਦਾ ਹੈ। ਇਸ ਵਿੱਚ ਇੱਕ ਇਸ਼ੂ ਹੈ ਕਿ ਪੂਨਮ ਵਰਮਾ ਬਨਾਮ ਅਸ਼ਵਿਨ ਪਟੇਲ ਅਤੇ ਉਸ ਤੋਂ ਬਾਅਦ ਮਾਰਟਿਨ ਡਿਸੂਜ਼ਾ ਬਨਾਮ ਮੁਹੰਮਦ ਇਸ਼ਫਾਕ ਅਤੇ ਮੁਖਤਿਆਰ ਚੰਦ ਬਨਾਮ ਸਟੇਟ ਸਬੰਧੀ ਮਾਣਯੋਗ

ਸੁਪਰੀਮ ਕੋਰਟ ਦੀ ਬਹੁਤ ਸਟਰੋਂਗ ਜਜਮੈਂਟ ਹੈ ਕਿ ਜਿਹੜੇ ਬੰਦੇ ਬਿਨਾਂ ਰਜਿਸਟ੍ਰੇਸ਼ਨ ਤੋਂ ਕੰਮ ਕਰਦੇ ਹਨ ਤਾਂ ਉਹ contempt of Court ਹੋਵੇਗੀ। ਇਸ ਤੋਂ ਇਲਾਵਾ ਜਿਹੜੇ ਆਪਣੇ ਹੈਲਥ ਐਂਡ ਵੈਲਨੈੱਸ ਸੈਂਟਰ ਹਨ, ਉਨ੍ਹਾਂ ਵਿੱਚ ਕਮਿਊਨਿਟੀ ਹੈਲਥ ਸੈਂਟਰ ਵਾਸਤੇ ਬੇਸਿਕ ਕੁਆਲੀਫਿਕੇਸ਼ਨ ਸਟਾਫ ਨਰਸ ਜਾਂ ਆਯੂਰਵੇਦਾ ਦੇ ਜੀ.ਏ.ਐਮ.ਐਸ. ਦੀ ਹੈ। ਜਿਹੜੇ ਆਯੂਰਵੇਦਾ ਦੇ ਆਲਰੇਡੀ ਗਰੈਜੂਏਟ ਹਨ ਉਨ੍ਹਾਂ ਨੂੰ ਛੇ ਮਹੀਨੇ ਦਾ ਬ੍ਰਿਜ ਕੋਰਸ ਕਰਕੇ ਫਿਰ ਟ੍ਰੇਨਿੰਗ ਦਿੱਤੀ ਜਾਂਦੀ ਹੈ। ਇਹ ਡੇਢ ਲੱਖ ਬੰਦੇ ਹਨ ਤੇ ਪੰਜਾਬ ਸਰਕਾਰ ਇਨ੍ਹਾਂ ਨਾਲ ਹਮਦਰਦੀ ਰੱਖਦੀ ਹੈ। ਉਹ ਮੇਰੇ ਕੋਲ ਵੀ ਆਏ ਸਨ ਕਿਉਂਕਿ ਜਦੋਂ ਦੇ ਸਾਡੇ ਮੁਹੱਲਾ ਕਲੀਨਿਕ ਜਾਂ ਆਮ ਆਦਮੀ ਕਲੀਨਿਕ ਬਣੇ ਹਨ ਤਾਂ ਉਨ੍ਹਾਂ ਦਾ ਕੰਮ ਬਿਲਕੁਲ ਖਤਮ ਹੋ ਗਿਆ ਹੈ ਜਾਂ ਬਹੁਤ ਘੱਟ ਗਿਆ ਹੈ ਕਿਉਂਕਿ ਲੋਕ ਹੁਣ ਉਨ੍ਹਾਂ ਕੋਲ ਜਾਂਦੇ ਨਹੀਂ ਹਨ, ਹੁਣ ਲੋਕਾਂ ਨੂੰ ਦਵਾਈਆਂ ਯੂਨੀਵਰਸਲੀ ਮਿਲਣ ਲੱਗ ਗਈਆਂ ਹਨ। ਹੁਣ 100% ਅਵੇਲੇਬਿਲਿਟੀ ਆਫ ਮੈਡੀਸਿਨ ਹੈ, ਸਰਕਾਰੀ ਹਸਪਤਾਲਾਂ ਵਿੱਚ ਸਾਰੀਆਂ ਦਵਾਈਆਂ ਮਿਲਣੀਆਂ ਚਾਹੀਦੀਆਂ ਹਨ ਅਤੇ ਜਿਹੜੀਆਂ ਦਵਾਈਆਂ ਨਹੀਂ ਹਨ, ਉਹ ਡਾਕਟਰ ਖਰੀਦ ਕੇ ਦੇਣਗੇ। ਇਸ ਨਾਲ ਰਜਿਸਟਰਡ ਐਮ.ਬੀ.ਬੀ.ਐਸ. ਡਾਕਟਰਾਂ ਦੀ ਪ੍ਰੈਕਟਿਸ ਤੇ ਵੀ ਫਰਕ ਪਿਆ ਹੈ। ਮੈਂ ਉਨ੍ਹਾਂ ਨੂੰ ਬੇਨਤੀ ਕਰਦਾ ਹਾਂ ਤੇ ਮਾਣਯੋਗ ਮੈਂਬਰ ਨੂੰ ਵੀ ਮੈਂ ਬੇਨਤੀ ਕਰਦਾ ਹਾਂ ਕਿ ਉਨ੍ਹਾਂ ਨੂੰ ਇਨ੍ਹਾਂ ਤਿੰਨਾਂ ਵਿੱਚੋਂ ਕਿਸੇ ਨਾ ਕਿਸੇ ਵਿੱਚ ਫਿੱਟ ਹੋਣਾ ਪਵੇਗਾ। ਉਹ ਜਾਂ ਤਾਂ ਬੀ.ਏ.ਐਮ.ਐਸ. ਦੀ ਡਿਗਰੀ ਕਰਨ ਜਾਂ ਘੱਟੋ-ਘੱਟ ਹੋਮਿਓਪੈਥੀ ਦੀ ਡਿਗਰੀ ਕਰਨ ਤਾਂ ਹੀ ਉਹ ਪ੍ਰੈਕਟਿਸ ਕਰ ਸਕਦੇ ਹਨ ਅਤੇ ਜੇ ਉਨ੍ਹਾਂ ਨੇ ਕੈਮਿਸਟ ਸ਼ਾਪ ਖੋਲਣੀ ਹੈ ਤਾਂ ਡੀ-ਫਾਰਮੇਸੀ ਚਾਹੇ ਐਲੋਪੈਥੀ ਜਾਂ ਆਯੂਰਵੇਦਾ ਦਾ ਕੋਰਸ ਕਰ ਲੈਣ ਤਾਂ ਉਹ ਕੈਮਿਸਟ ਸ਼ਾਪ ਖੋਲ੍ਹ ਸਕਦੇ ਹਨ। ਇਸ ਤੋਂ ਇਲਾਵਾ ਉਨ੍ਹਾਂ ਦੀ ਰਜਿਸਟ੍ਰੇਸ਼ਨ ਦੀ ਕੋਈ ਪ੍ਰੋਵੀਜ਼ਨ ਨਹੀਂ ਹੈ। ਮੈਂ ਆਪਣੇ ਸਟਾਫ ਨੂੰ ਵੀ ਕਿਹਾ ਹੈ ਕਿ ਜੇ ਪੂਰੇ ਦੇਸ਼ ਵਿੱਚ ਹੋਰ ਕਿਸੇ ਸਟੇਟ ਦਾ ਕੋਈ ਮਾਡਲ ਹੈ ਜਿੱਥੇ ਅਸੀਂ ਇਨ੍ਹਾਂ ਦੀ ਮਦਦ ਕਰ ਸਕੀਏ ਤਾਂ ਉਸ ਬਾਰੇ ਪਤਾ ਕੀਤਾ ਜਾਵੇ ਕਿਉਂਕਿ ਪੰਜਾਬ ਸਰਕਾਰ ਆਪਣੇ ਸਾਰੇ ਨਾਗਰਿਕਾਂ ਦੀ ਮਦਦ ਕਰਨਾ ਚਾਹੁੰਦੀ ਹੈ। ਸਾਡੇ ਮਾਣਯੋਗ ਮੁੱਖ ਮੰਤਰੀ ਸਾਹਿਬ ਦੀ ਕੋਸ਼ਿਸ਼ ਹੁੰਦੀ ਹੈ ਕਿ ਜਿਹੜਾ ਬੰਦਾ ਵੀ ਜਿਹੜਾ ਕੰਮ ਕਰਨਾ ਚਾਹੁੰਦਾ ਹੈ ਜੇ ਆਪਾਂ ਉਸ ਦੀ ਕਿਸੇ ਤਰੀਕੇ ਨਾਲ ਮਦਦ ਕਰ ਸਕਦੇ ਹਾਂ ਤਾਂ ਜ਼ਰੂਰ ਕਰੀਏ। ਸਰਕਾਰ ਕਮਿਟਿੱਡ ਹੈ ਤੇ ਅਸੀਂ ਪੂਰੀ ਕੋਸ਼ਿਸ਼ ਕਰਾਂਗੇ ਪਰ ਉਨ੍ਹਾਂ ਨੂੰ ਇਨ੍ਹਾਂ ਤਿੰਨ ਕੌਂਸਲਾਂ ਵਿੱਚੋਂ ਕਿਸੇ ਨਾ ਕਿਸੇ ਨਾਲ ਰਜਿਸਟਰ ਹੋਣਾ ਪਵੇਗਾ।

**ਪ੍ਰਿੰਸੀਪਲ ਬੁੱਧ ਰਾਮ**: ਸਪੀਕਰ ਸਾਹਿਬ, ਅਸਲ ਵਿੱਚ ਗੱਲ ਇਹ ਹੈ ਕਿ ਭਾਵੇਂ ਪੰਜਾਬ ਸਰਕਾਰ ਵੱਲੋਂ ਆਮ ਆਦਮੀ ਕਲੀਨਿਕ ਖੋਲ੍ਹ ਕੇ ਬਹੁਤ ਵਧੀਆ ਉੱਦਮ ਕੀਤਾ ਗਿਆ ਹੈ।

**1550/mehak/Abhishek gautam**

ਆਮ ਆਦਮੀ ਕਲੀਨਿਕ 864 ਦੇ ਕਰੀਬ ਖੋਲ੍ਹੇ ਗਏ ਹਨ ਅਤੇ ਮੇਰਾ ਖਿਆਲ ਹੈ ਕਿ ਜਿਹੜੇ ਤਿਆਰ ਪਏ ਹਨ, ਉਹ ਵੀ ਮੁੱਖ ਮੰਤਰੀ ਸਾਹਿਬ ਅਤੇ ਸਿਹਤ ਮੰਤਰੀ ਸਾਹਿਬ ਵੱਲੋਂ ਜਲਦ ਹੀ ਖੋਲ੍ਹ ਦਿੱਤੇ ਜਾਣਗੇ। ਹਸਪਤਾਲਾਂ ਦੀ ਪੁਜ਼ੀਸ਼ਨ ਪਹਿਲਾਂ ਨਾਲੋਂ ਵਧੀਆ ਹੋਈ ਹੈ, ਇਸ ਵਿੱਚ ਕੋਈ ਸ਼ੱਕ ਨਹੀਂ ਹੈ ਪਰ ਇਸ ਡੇਢ ਲੱਖ ਬੰਦੇ ਨੂੰ ਇੱਕ ਸੈਲਫ ਇੰਪਲਾਈਮੈਂਟ ਮਿਲੀ ਹੋਈ ਹੈ। ਅਣਰਜਿਸਟਰਡ ਮੈਡੀਕਲ ਪ੍ਰੈਕਟੀਸ਼ਨਰ ਆਲਰੇਡੀ ਕੰਮ ਕਰ ਰਹੇ ਹਨ। ਇਹ ਪਿੰਡਾਂ ਵਿੱਚ ਰਾਤ ਵੇਲੇ ਲੋਕਾਂ ਨੂੰ ਐਮਰਜੰਸੀ ਸਹੂਲਤਾਂ ਦਿੰਦੇ ਹਨ। ਇਨ੍ਹਾਂ ਨੂੰ ਛੋਟੀ-ਮੋਟੀ ਨਾਲੇਜ ਹੁੰਦੀ ਹੈ। ਸੋ, ਸਾਡਾ ਮਕਸਦ ਇਹੀ ਹੈ ਕਿ ਜੇਕਰ ਇਨ੍ਹਾਂ ਨੂੰ ਪੰਜ-ਛੇ ਮਹੀਨੇ ਦੀ ਟਰੇਨਿੰਗ ਦੇ ਕੇ ਕੋਈ ਸਰਟੀਫਿਕੇਟ ਦੇ ਦਿੱਤਾ ਜਾਵੇ ਤਾਂ ਇਹ ਹੋਰ

ਵੀ ਬਿਹਤਰ ਕੰਮ ਕਰ ਸਕਦੇ ਹਨ। ਇਸ ਤੋਂ ਇਲਾਵਾ ਬਹੁਤ ਸਾਰੇ ਅਣਰਜਿਸਟਰਡ ਪ੍ਰੈਕਟੀਸ਼ਨਰ ਅਜਿਹੇ ਹਨ, ਜੇਕਰ ਉਹ ਕੰਮ ਨਹੀਂ ਕਰ ਸਕਦੇ ਤਾਂ ਨਾ ਕਰਨ। ਮੈਂ ਕਹਿਣਾ ਚਾਹੁੰਦਾ ਹਾਂ ਕਿ ਜੇਕਰ ਇਨ੍ਹਾਂ ਦਾ ਕੋਈ ਇੰਟਰਵਿਊ ਜਾਂ ਰਿਟਨ ਪੇਪਰ ਲੈ ਲਿਆ ਜਾਵੇ ਤਾਂ ਉਹ ਰਜਿਸਟਰਡ ਹੋ ਕੇ ਬਿਹਤਰ ਕੰਮ ਕਰ ਸਕਦੇ ਹਨ। ਕੰਮ ਹੁਣ ਵੀ ਕਰ ਰਹੇ ਹਨ ਪਰੰਤੂ ਜੇਕਰ ਉਨ੍ਹਾਂ ਨੂੰ ਰਜਿਸਟਰਡ ਕਰ ਦਿੱਤਾ ਜਾਵੇਗਾ ਤਾਂ ਹੋਰ ਵੀ ਬਿਹਤਰ ਸੇਵਾਵਾਂ ਦੇਣਗੇ। ਸਪੀਕਰ ਸਾਹਿਬ, ਡੇਢ ਲੱਖ ਲੋਕਾਂ ਨੂੰ ਇੰਪਲਾਈਮੈਂਟ ਮਿਲੀ ਹੋਈ ਹੈ ਅਤੇ ਹੋਰ ਵੀ ਬਹੁਤ ਸਾਰੇ ਲੋਕ ਲੱਗੇ ਹੋਏ ਹਨ। ਇਹ ਪਿੰਡਾਂ ਵਿੱਚ ਰਹਿੰਦੇ ਹਨ ਅਤੇ ਇਨ੍ਹਾਂ ਦਾ ਪਰਿਵਾਰ ਵੀ ਪਿੰਡਾਂ ਵਿੱਚ ਹੀ ਰਹਿੰਦਾ ਹੈ। ਇਸ ਲਈ ਸਿਹਤ ਮੰਤਰੀ ਜੀ ਨੂੰ ਬੇਨਤੀ ਕੀਤੀ ਸੀ ਕਿ ਇਸ ਤਰ੍ਹਾਂ ਦੀ ਕੋਈ ਸਕੀਮ ਕੱਢੀਏ ਜਿਸ ਨਾਲ ਇਨ੍ਹਾਂ ਦੀ ਪ੍ਰੈਕਟਿਸ ਵੀ ਸੇਵ ਹੋ ਜਾਵੇ ਅਤੇ ਰਾਤ ਸਮੇਂ ਪਿੰਡਾਂ ਵਿੱਚ ਐਮਰਜੰਸੀ ਸੇਵਾਵਾਂ ਲੋਕਾਂ ਨੂੰ ਮੁਹੱਈਆ ਕਰਵਾਈਆਂ ਜਾ ਸਕਣ। ਸਪੀਕਰ ਸਾਹਿਬ, ਇੱਕ ਗੱਲ ਹੋਰ ਦੱਸਣੀ ਚਾਹੁੰਦਾ ਹਾਂ ਕਿ ਮੈਂ ਇਨ੍ਹਾਂ ਅਣਰਜਿਸਟਰਡ ਮੈਡੀਕਲ ਪ੍ਰੈਕਟੀਸ਼ਨਰਾਂ ਦੇ ਪ੍ਰਧਾਨ ਨੂੰ ਵੀ ਮਿਲਿਆ ਸੀ। ਮੈਂ ਪ੍ਰਧਾਨ ਨੂੰ ਕਿਹਾ ਕਿ ਜੇਕਰ ਤੁਹਾਡੇ ਪ੍ਰੈਕਟੀਸ਼ਨਰ ਨਸ਼ਾ ਵੇਚਣ ਵਾਲਿਆਂ ਨਾਲ ਇਨਵਾਲਵ ਹੋਣਗੇ ਤਾਂ ਅਸੀਂ ਬਖਸ਼ਗੇ ਨਹੀਂ। ਸਪੀਕਰ ਸਾਹਿਬ, ਪ੍ਰਧਾਨ ਵੱਲੋਂ ਵਿਸ਼ਵਾਸ ਦਿਵਾਇਆ ਗਿਆ ਕਿ ਜੇਕਰ ਅਣਰਜਿਸਟਰਡ ਮੈਡੀਕਲ ਪ੍ਰੈਕਟੀਸ਼ਨਰ ਬੰਦਾ ਨਸ਼ਾ ਵੇਚਦਾ ਫੜਿਆ ਗਿਆ ਤਾਂ ਬੇਸ਼ੱਕ ਤੁਸੀਂ ਉਸ ਨੂੰ ਥਾਣੇ ਫੜਾ ਦਿਓ, ਅਸੀਂ ਕੁਝ ਨਹੀਂ ਕਹਾਂਗੇ ਅਤੇ ਨਾ ਹੀ ਮਗਰ ਜਾਵਾਂਗੇ। ਸਪੀਕਰ ਸਾਹਿਬ, ਜੇਕਰ ਅਜਿਹੇ ਲੋਕ ਸੇਵਕ ਕੰਮ ਕਰਦੇ ਹਨ ਤਾਂ ਮੇਰਾ ਖਿਆਲ ਹੈ ਕਿ ਉਨ੍ਹਾਂ ਨੂੰ ਪੰਜ-ਛੇ ਮਹੀਨੇ ਦੀ ਟਰੇਨਿੰਗ ਦੇ ਕੇ ਸਿਹਤ ਸਹੂਲਤਾਂ ਹੋਰ ਬਿਹਤਰ ਲੈ ਲੈਣੀਆਂ ਚਾਹੀਦੀਆਂ ਹਨ। ਇਸ ਨਾਲ ਪੰਜਾਬ ਵਿੱਚ ਮਾੜਾ ਨਹੀਂ ਹੋਵੇਗਾ। ਸੋ, ਅੱਜ ਮੇਰਾ ਸਵਾਲ ਰੱਖਣ ਦਾ ਮਕਸਦ ਇਹੀ ਸੀ। ਧੰਨਵਾਦ ਜੀ।

**ਮਾਣਯੋਗ ਸਪੀਕਰ:** ਥੈਂਕਿਊ ਜੀ। ਮੇਰਾ ਖਿਆਲ ਹੈ ਕਿ ਮੰਤਰੀ ਜੀ, ਤੁਸੀਂ ਸਰਕਾਰ ਹੋ। ਇਨ੍ਹਾਂ ਵਿੱਚ ਟੇਲੈਂਟ ਹੈ, ਇਨ੍ਹਾਂ ਨੇ ਬੜੀ ਲੋਕਾਂ ਦੀ ਸੇਵਾ ਕੀਤੀ ਹੈ ਔਰ ਕਰ ਵੀ ਸਕਦੇ ਹਨ। ਮੰਤਰੀ ਜੀ, ਕੋਈ ਫਾਰਮਲ ਛੋਟੀ-ਮੋਟੀ ਟਰੇਨਿੰਗ ਕਰਵਾ ਕੇ ਜੇਕਰ ਹੋਰ ਬਿਹਤਰ ਸਿਹਤ ਸਹੂਲਤਾਂ ਲੋਕਾਂ ਨੂੰ ਮਿਲਦੀਆਂ ਹਨ ਤਾਂ ਮੇਰਾ ਖਿਆਲ ਹੈ ਕਿ ਇਹ ਠੀਕ ਰਹੇਗਾ। ਅਗਲੀ ਆਈਟਮ।

-------

## PAPERS LAID ON THE TABLE OF THE HOUSE

**ਮਾਣਯੋਗ ਸਪੀਕਰ:** ਅਗਲੀ ਆਈਟਮ। ਸਦਨ ਦੀ ਮੇਜ਼ ਤੇ ਰੱਖੇ ਜਾਣ ਵਾਲੇ ਕਾਗਜ਼-ਪੱਤਰ।

**ਸੰਸਦੀ ਮਾਮਲੇ ਮੰਤਰੀ (ਸਰਦਾਰ ਬਲਕਾਰ ਸਿੰਘ):** ਸ਼੍ਰੀਮਾਨ ਜੀ, ਮੈਂ ਅੱਜ ਦੀ ਕਾਰਜ-ਸੂਚੀ ਦੇ ਲੜੀ ਨੰ. V ਅਧੀਨ ਦਰਸਾਏ ਗਏ ਕ੍ਰਮ ਅੰਕ ਨੰ. 1 ਤੋਂ 4 ਤੱਕ ਵਰਣਿਤ ਕਾਗਜ਼-ਪੱਤਰ ਸਦਨ ਦੀ ਮੇਜ਼ ਤੇ ਰੱਖਦਾ ਹਾਂ:

1. ਸਾਲ 2020-21 ਲਈ ਪੰਜਾਬ ਸ਼ਹਿਰੀ ਯੋਜਨਾ ਅਤੇ ਵਿਕਾਸ ਦੀ ਸਲਾਨਾ ਰਿਪੋਰਟ ਸਦਨ ਦੀ ਮੇਜ਼ ਤੇ ਰੱਖਦਾ ਹਾਂ, ਜਿਵੇਂ ਕਿ ਪੰਜਾਬ ਖੇਤਰੀ ਅਤੇ ਸ਼ਹਿਰੀ ਯੋਜਨਾਬੰਦੀ ਅਤੇ ਵਿਕਾਸ ਐਕਟ, 1995 ਦੀ ਧਾਰਾ 54(2) ਅਧੀਨ ਲੋੜੀਂਦਾ ਹੈ।

2. ਸਾਲ 2019-20 ਲਈ ਜਲੰਧਰ ਵਿਕਾਸ ਅਥਾਰਿਟੀ, ਜਲੰਧਰ ਦੀ ਸਲਾਨਾ ਰਿਪੋਰਟ ਸਦਨ ਦੀ ਮੇਜ਼ ਤੇ ਰੱਖਦਾ ਹੈ, ਜਿਵੇਂ ਕਿ ਪੰਜਾਬ ਖੇਤਰੀ ਅਤੇ ਸ਼ਹਿਰੀ ਯੋਜਨਾਬੰਦੀ ਅਤੇ ਵਿਕਾਸ ਐਕਟ, 1995 ਦੀ ਧਾਰਾ 54(2) ਅਧੀਨ ਲੋੜੀਂਦਾ ਹੈ।

3. ਸਾਲ 2020-21 ਲਈ ਜਲੰਧਰ ਵਿਕਾਸ ਅਥਾਰਿਟੀ, ਜਲੰਧਰ ਦੀ ਸਲਾਨਾ ਰਿਪੋਰਟ ਸਦਨ ਦੀ ਮੇਜ਼ ਤੇ ਰੱਖਦਾ ਹਾਂ, ਜਿਵੇਂ ਕਿ ਪੰਜਾਬ ਖੇਤਰੀ ਅਤੇ ਸ਼ਹਿਰੀ ਯੋਜਨਾਬੰਦੀ ਅਤੇ ਵਿਕਾਸ ਐਕਟ, 1995 ਦੀ ਧਾਰਾ 54(2) ਅਧੀਨ ਲੋੜੀਂਦਾ ਹੈ।

4. ਸਾਲ 2022-23 ਲਈ ਪੰਜਾਬ ਰਾਜ ਟਰਾਂਸਮਿਸ਼ਨ ਕਾਰਪੋਰੇਸ਼ਨ ਲਿਮਟਿਡ ਦੀ 13ਵੀਂ ਸਲਾਨਾ ਰਿਪੋਰਟ ਸਦਨ ਦੀ ਮੇਜ਼ ਤੇ ਰੱਖਦਾ ਹਾਂ, ਜਿਵੇਂ ਕਿ ਕੰਪਨੀ ਐਕਟ, 2013 ਦੀ ਧਾਰਾ 395 ਅਧੀਨ ਲੋੜੀਂਦਾ ਹਾਂ।

**ਮਾਣਯੋਗ ਸਪੀਕਰ**: ਸਦਨ ਮੰਗਲਵਾਰ, ਮਿਤੀ 3 ਸਤੰਬਰ, 2024 ਨੂੰ 10.00 ਵਜੇ ਸਵੇਰ ਤੱਕ ਸਥਗਿਤ ਹੁੰਦਾ ਹੈ।

*3.57 ਵਜੇ ਬਾਅਦ ਦੁਪਹਿਰ (*ਇਸ ਉਪਰੰਤ ਸਦਨ ਮਿਤੀ 3 ਸਤੰਬਰ, 2024 ਦੇ 10.00 ਵਜੇ ਸਵੇਰ ਤੱਕ ਸਥਗਿਤ ਹੋ ਗਿਆ।)

-------

**1555/Manika Rani/Abhishek gautam**